ਤਮਾਮ ਹਕ ਮਹਫੂਜ਼ ਹੈਂ

ੴ ਪਰਬ੍ਰਹਮਣੇਨਮਃ

# ਗ੍ਰੰਥ

# ਵਾਹਿਗੁਰੂ ਮੰਤ੍ਰਾਅਰਥ ਗੁਰਮੁਖੀ

ਜਿਸਕੋ

ਨਿਰਮਲ ਸ੍ਵਾਮੀ ਪੰਡਿਤ ਈਸ਼ਰਸਿੰਘਜੀ
ਕਾਂਸ਼ੀ ਵਾਲਿਓਂ ਨੇ ਰਚਕੇ
ਪ੍ਰੇਮੀ ਜਨਾਂ ਦੇ ਲਾਭ ਲਈ

ਛਪਵਾਇਆ

ਸੰਮਤ ਨਾਨਕ ਸ਼ਾਹੀ ੪੪੦

ਸ੍ਰੀ ਗੁਰਬਖਸ਼ ਪ੍ਰੇਸ ਲਾਹੌਰ ਮੇਂ ਛਪਾ

ਮੋਖ [illegible]

काशीस्थानस्थनिर्मलस्वामिपण्डितईश्वरसिंहसाधुः



मार्गशिर कृष्णद्वादशी सोमवार। संवत् १९६० विक्रमी

ੴ ਪਰਬ੍ਰਹਮਣੇਨਮ:

# ਅਥ ਸੂਚੀਪਤ੍ਰ


੧ ਆਤਮ ਗ੍ਰੰਥ ਵਿਚਾਰ
੨ ਮੰਗਲ ਵਿਚਾਰ
੩ ਉਥਾਨਕਾ
੪ ਪੁਨਾ ਉਥਾਨਕਾ
੫ ਤ੍ਰਿਤੀਆ ਉਥਾਨਕਾ
੬ ਪ੍ਰਸ਼ਨ ਵਿਚਾਰ
੭ ਪੁਨਾ ਪ੍ਰਸਨ ਵਿਚਾਰ
੮ ਪ੍ਰਤਿਗਿਆ ਰੂਪ ਪ੍ਰਤੀਵੰਦੀ ਉਤ੍ਰ
੯ ਪੁਨਾਂ ਪ੍ਰਤੀਵੰਦੀ ਉਤ੍ਰ
੧੦ ਤ੍ਰਖਤ੍ਰ ਨਿਆਇ ਉਤ੍ਰ
੧੧ ਪਦਸਕਤੀ ਵਿਚਾਰ
੧੨ ਸਾਵਦ ਵੋਧਵਿਚਾਰ
੧੩ ਸੰਤੁਸਟੀ ਵਿਚਾਰ
੧੪ ਗੁਰੂ ਮੰਤ੍ਰ ਮਹਾਂਵਾਕ
੧੫ ਧਾਤੂਪ੍ਰਤੇਪਦ ਅਰਥ ਗਿਆਨ
੧੬ ਵਿਰਾਟ ਬ੍ਰਹਮ ਗੁਰੂ ਅਭੇਦ
੧੭ ਭੇਦ ਘਟਤਿ ਬਿਆਪਕ ਵਿਚਾਰ
੧੮ ਦੁਆਦਸ ਮਹਾਂ ਬਿਆਹਿਤੀ

੧੯ ਮੰਤ੍ਰ ਅਰਥ ਧਰਮ ਜਿਗਿਆਸ
੨੦ ਕਰਮ ਉਪਾਸਨਾ ਭੇਦ
੨੧ ਅਧਿਸਿਠਾਨ ਰੁਦ੍ਰ ਵਿਚਾਰ
੨੨ ਸਰੂਪ ਗਿਆਨ ਬ੍ਰਹਮ ਜਿਗਿਆਸਾ
੨੩ ਸਫੁਰਣ ਸਰੂਪ ਅਧਿਸਿਠਾਨ ਵਿਚਾਰ
੨੪ ਸਰਵ ਵਿਕਲਪ ਨਿਰਾਕਰਣ
੨੫ ਜੀਵ ਈਸ੍ਵਰ ਮਾਇਆ ਵਿਭਾਗ
੨੬ ਵਿਵਾਦ ਨਿਰਾਸ ਪ੍ਰਦਰਸਨ

ਯਿਹ ਉਕਤ ਸੂਚੀ ਪਤ੍ਰਕੀ ਰੀਤੀ ਲੇਕਰਕੇ ਵਾਹਗੁਰੂ ਮੰਤ੍ਰਮੇਂ ਛਬੀ ਪ੍ਰਕਾਰਸੇਂ ਵਿਚਾਰਹੈ। ਸੋਮਾਲੂਮ ਹੋਵੇ ਯਿਹ ਵਿਚਾਰ ਇਸਿ ਗ੍ਰੰਥਕੇ ਵੀਚ ਜਿਸਿ ਜਿਸਿ ਅਸਥਾਨਮੇਂਹੈ ਸੋ ਊਂਹਾਂ ਸੂਖਮ ਵ੍ਰਿਤੀ ਕਰਕੇ ਅਵਲੋਕਨ ਕਰਣਾ ਜਰੂਰਤਹੈ। ਕਿਉਂਕਿ ਵਾਹਗੁਰੂ ਇਸਿਮੰਤ੍ਰਕੇ ਵੀਚਮੇ ਏਕਏਕ ਅਖਰਕੇ ਜੁਦੇਜੁਦੇ ਅਨੇਕਹੀ ਪਦਹੈ। ਉਨਿਅਨੇਕ ਪਦੋਂਕੇ ਅਨੰਤਹੀ ਅਰਥਹੈਂ ਔਰ ਅਨੰਤਹੀ ਅਰਥੋਂਮੇ ਗਿਆਨਹੈ ਔਰਬਿਅੰਤ ਹੀ ਧਾਤੂਆਂਹੈ। ਬਿਅੰਤਹੀਂ ਪ੍ਰਤੇਹੈ। ਔਰ ਧਾਤੂ ਪ੍ਰਤਿਓਂਕੇ ਅਰਥਭੀ ਬਹੁਤ ਪ੍ਰਕਾਰੋਂਸੇਹੈ। ਇਸਿਲੀਏ ਵਾਹਗੁਰੂ ਇਸਿ ਮੰਤ੍ਰਮੇ ਵਿਚਾਰ।ਵ੍ਰਿਤੀਨਿਰੋਧ ਕਰਕੇਹੀ ਕਰਣਾਯਥਾਰਥਹੈ।

ਇਤੀਸ੍ਰੀਵਾਹਗੁਰੂ ਮੰਤ੍ਰ ਸੂਚੀਪਤ੍ਰ ਸਮਾਪਤੰ ॥

ੴ ਪਰਬ੍ਰਹਮਣੇ ਨਮਃ

ਅਵਕਾਸ਼ੀ ਵਾਲੇ ਪੰਡਿਤਿ ਈਸ੍ਵਰਸਿੰਘਜੀ ਨਿਰਮਲ ਸੁਆਮੀ ਕਰਤ੍ਰਿਕ ਇਸਗ੍ਰੰਥਕਾ ਵ੍ਰਤਾਂਤ ਮਾਲੂਮ ਹੋਵੇ ਪੋਖਮਾਸ ਸੁਕਲਪਖ ਸਪਤਮੀ ਤਿਥੀ ਐਤਵਾਰਦਿਨ ਸੰਮਤ ਉੰਨੀਸੌ ਪਚਾਸਮੇਂ । ਸੰਸਕ੍ਰਿਤਰੂਪ ਭਾਖਾਕੇ ਵੀਚ ਤਥਾ ਗੁਰੁਮੁਖੀ ਭਾਖਾਕੇਵੀਚ । ਸ੍ਰੀਗੁਰੂ ਮੰਤ੍ਰਾ ਅਰਥ ਪ੍ਰਕਾਸ਼ਿਕ । ਯਿਹ ਗ੍ਰੰਥ ਬਨਾਇਆਹੈ । ਸੋ ਈਹਾਂ ਇਸਗ੍ਰੰਥਕੇਵੀਚ ਹਮਾਰੇ ਸ਼ਿਸ਼ ਪੰਡਿਤਿ ਦੇਵਨਾਰਾਇਣਸਿੰਘਜੀਕੇ ਪ੍ਰਸ਼ਨਹੈ ਸੋ ਉਨ ਪ੍ਰਸ਼ਨੋਂ ਕੇ ਵੀਚਮੇਂ ਜੋ ਸੰਸੇ ਵਿਪਰਜੇਹੈ ਅਸੰਭਾਵਨਾ ਹੈ ਸੋਉਨਕੀ ਨਿਵ੍ਰਿਤੀਕੇ ਵਾਸਤੇ । ਵਾਹਿਗੁਰੁਮੰਤ੍ਰਕੇ ਸਿਧਾਂਤ ਵਿਚਾਰਕੇ ਨਿਰੂਪਣ ਕਰਤੇਹੈ ਸੋਨਿਆਇ ਬਿਆਕਰਣ ਵੇਦਾਂਤ । ਇਨ ਤੀਨੋਂਕੇ ਵਿਚਾਰ ਕੋ ਲੇਕਰ । ਸੋ ਇਸੀ ਵਾਸਤੇ ਇਸ ਮੰਤ੍ਰਕਾ ਅਰਥ । ਬਹੁਤ ਕਠਨ ਹੈ । ਇਸ ਮੰਤ੍ਰਕੇ ਚਾਰੋਂ ਅਖਰੋਂ ਕੇ ਵੀਚਮੇਂ । ਧਾਤੂ ਪ੍ਰਤੇ ਪਦਅਰਥ ਗਿਆਨ । ਯਿਹਪਾਂਚੋਂ ਪੰਜਸੌ ਦਰਜੇਮੇਂਹੈਂ ਸੋ ਹਮਨੇ ਅਪਣੇ ਬਨਾਏ ਹੁਏ ਉਸ ਸੰਸਕ੍ਰਿਤ ਗ੍ਰੰਥਕੀ ਰਚਨਾ ਨਿਵੰਧਨ ਕਰੀ ਹੈ ਸੋ ਇਸੀ ਵਾਸਤੇ ਇਸ ਗ੍ਰੰਥ ਮੇਂ ਵੁਧੀਕੇ ਬਲ ਕੀ ਬਹੁਤ ਜਰੂਰਿਤਹੈ । ਸੋ ਈਹਾਂ ਗੁਰਮੁਖੀ ਵਿਦਿਆਕੇ ਵੀਚ ਬਹੁਤ ਸੁਗਮ ਅਰਥ ਕਰਕੇ ਲਿਖਾਹੈ ਤਵਭੀ ਫਲਤ ਅਰਥ ਬਹੁਤ ਕਠਨਹੈ । ਕਿਉਂਕਿ ਵਾਹਗੁਰੂ ਮੰਤ੍ਰਕਾ ਅਰਥ

ਵਿਦਿਆਕਾ ਖਜਾਨਾਹੈ। ਸੁਆਲ ਵਾਲੇਕੋ ਇਸ ਮੰਤ੍ਰਕਾ ਅਰਥ ਏਕਭੀ ਨਹੀ ਮਾਲੂਮ ਹੋਤਾ ਰਹਾ ਸੋਇਸ ਗ੍ਰੰਥਕੇ ਅਵਲੋਕਨ ਕਰਣੇਸੇਂ ਗਾਇਤ੍ਰੀ ਓਅੰਕਾਰਕੇ ਅਰਥੋਂ ਜੈਸੇ ਵਾਹਿਗੁਰੂ ਇਸ ਮੰਤ੍ਰਕੇ ਹਜਾਰੋਂ ਅਰਥ ਮਾਲੂਮ ਹੋਤੇਹੈਂ ਜਿਸ ਕਿਸੀਨੇਂ ਇਸ ਮੰਤ੍ਰਕਾ ਕਹੀ ਕਿਸੀ ਗ੍ਰੰਥ ਮੇਂ ਅਰਥ ਲਿਖਾਹੈ ਸੋ ਸੰਸਕ੍ਰਿਤ ਗੁਰੂ ਮੰਤ੍ਰਆ ਅਰਥ ਪ੍ਰਕਾਸਕ ਹਮਾਰੇ ਗ੍ਰੰਥਕਾਹੀ ਅਰਥ ਲਿਖਿਆਹੈ। ਸੋ ਇਸ ਪ੍ਰਕਾਰਕੇ ਵਿਚਾਰਕੇ ਲੇ ਕਰਕੇ ਵਾਹਿਗੁਰੂ ਇਸਮੰਤ੍ਰਕੀ ਵ੍ਯਾਖਿਆ ਸੰਸਕ੍ਰਿਤਭਾਖਾ ਗੁਰਮੁਖੀਭਾਖਾ ਇਨ ਦੋਨੋਂਮੇਂਹੈ॥

ਇਤੀਸ੍ਰੀ ਆਤਮਗ੍ਰੰਥਵ੍ਰਤਾਂਤਨਿਵੇਦਨੰਸਮਾਪਤੰ॥੧॥ਇਤਸ੍ਰੀ

ਓਂ ਪਰ ਬ੍ਰਹਮਣੇ ਨਮਃ

੧ ਓਂ ਈਸ੍ਵਰ ਮੂਰਤੀ ਸ੍ਰੀਗੁਰੂ ਭਿਓ ਨਮਃ॥

੧ ਓਂ ਸਤਿਗੁਰੂਪ੍ਰਸਾਦ॥

੧ ਓਂ ਸਤਿਨਾਮਕਰਤਾਪੁਰਖ। ਅਥ ਸ੍ਰੀਗੁਰੂ ਮੰਤ੍ਰਾ ਅਰਥ ਪ੍ਰਕਾਸਕ ਗ੍ਰੰਥਃ ਪ੍ਰਾਰਭਿਤੇ। ਦੋਃ ਪਗ ਲਗ ਯਿਹ ਕਾਬਾ ਫਿਰਾ ਚਰਿਤ ਅਜਾਬਾ ਜਾਹਿ ਦੁਖਹਰਹੈ ਸਦਸੁਖਕਰੈ ਸ੍ਰੀਗੁਰੂ ਨਾਨਕ ਸਾਹ॥੧॥ ਸਿੰਘ ਗੁਵਿੰਦ ਦਨਿੰਦਸਮ ਸੁਧ ਵਿਰਾਟ ਸਮਾਨ॥ ਚਰਾਚਰੀ ਸਭ ਸ੍ਰਿਸਟਮੇਂ ਏਸਵਸਤੁਕਲਹਾਨ॥੨॥ ਸੋਃ ਕਰੁਣਾਂ ਸਿੰਧ ਅਪਾਰ ਕਾਲੂ ਸੁਤ ਕਲੰਗੀਸ਼ਧਰ॥ ਮਾਇਆ ਛਲ ਬਲ ਛੀਨ ਕ੍ਰਿਪਾ ਕਰੋ ਗੁਰੂ ਵਿਘਨਹਰ॥੩॥ ਦੇਸ ਦੁਆਬੇ ਬਾਜ਼ੀਆਂ

ਨਗਰ ਮਾਂਹਿ ਤਪੋ ਨਿਧਿ ॥ ਸ੍ਰੀਗੁਰੂ ਸਾਧੂ ਹਰ ਪ੍ਰੀਤੀ ਈਸ੍ਰਰ ਹਰ ਨਤਸਿਧਿ ॥ ੪ ॥ ਪੰਡਿਤ ਈਸ੍ਰਰ ਹਰਸੁਵਰ ਸੰਤਨਿਰਮਲੇ ਆਹਿ ॥ ਵਾਹਗੁਰੂ ਵਰਮੰਤ੍ਰਕੀ ਬਿਆਖਿਆ ਕੀਨੀ ਤਾਹਿ ॥ ੫ ॥ ਸੰਸਕ੍ਰਿਤ ਪਹਿਲੇਂ ਰਚੀ ਕਾਸੀ ਵਾਸੀ ਹੋਇ । ਅਵਸੰਤਨਕੀ ਇਛਹਿਤ ਗੁਰੁਮੁਖ ਰਚਿਹੈਂ ਸੋਇ ॥ ੬ ॥ ਅਵਇਸਿ ਗ੍ਰੰਥਮੇਂ ਈਹਾਂ ਵਾਹਗੁਰੂ ਮੰਤ੍ਰਕਾ ਵਿਚਾਰ ਸਪਸਟ ਕਰਕੇ ਨਿਰੂਪਣ ਕਰਤੇਹੈਂ ਤਥਾਹੀ ਵਾਹਗੁਰੂ ਮੰਤ੍ਰਕੇ ਮੰਗਲ ਵਿਚਾਰਮੇਂ ਵਿਰਾਟ ਸਰੂਪ ਬ੍ਰਹਮਕੇ ਇਸਿ ਗ੍ਰੰਥਮੇਂ ਨਮਸਕਾਰ ਰੂਪ ਮੰਗਲ ਕੀਆ ਹੈ। ਔਰ ਜੋ ਬ੍ਰਹਮ ਨੇਸਠੀ ਬ੍ਰਹਮ ਸ੍ਰੋਤ੍ਰੀ ਇਸਿਟਗੁਰੂਹੈ ॥ ਉਸਕੇ ਸਾਖੀ ਸਰੂਪ ਆਤਮ ਵੇਧ ਜੁਗਤ ਹੋਣੇ ਕਰਕੇ ਸੋ ਬ੍ਰਹਮ ਕਾ ਸਰੂਪ ਹੀਂ ਹੈ ॥ ਇਸੀ ਵਾਸਤੇ ਲਿਖਾਹੈ ॥ ਨਾਨਕ ਸਾਧ ਪ੍ਰਭ ਭੇਦਨ ਭਾਈ । ਬ੍ਰਹਮ ਗਿਆਨੀ ਆਪਪ੍ਰਮੇਸੁਰ । ਔਰ ਇਸਿ ਉਪਕ੍ਰਮ ਕੋ ਲੇਕਰ ਕੇ ਇਸਿ ਗ੍ਰੰਥ ਕੇ ਅੰਤ ਉਪਸੰਘਾਰਮੇਂ ਭੀ ਵਾਹਗੁਰੂ ਮੰਤ੍ਰਕਾ ਅਰਥ ਪਰ ਬ੍ਰਹਮ ਹੀਹੈ ॥

ਇਤੀ ਸ੍ਰੀ ਮੰਗਲ ਵਿਚਾਰ ਸਮਾਪਤੰ ॥ ੨ ॥

ਓਂ ਪਰਬ੍ਰਹਮਣੇ ਨਮਃ

ਅਵ ਇਸ ਅਸਥਲ ਕੇ ਵੀਚ ਮੇਂ ਯਥ ਚਿਤ ਉਥਾਨਕਾ ਵਿਚਾਰ ਕੋ ਨਿਰੂਪਣ ਕਰਤੇ ਹੈਂ ॥

ਤਥਾਹੀ ॥ ਮਾਲੂਮ ਹੋ ਜੋਕਿ ਪੂਰਵਦੇਸਕੀ ਰਾਜਧਾਨੀ ਕੇ ਨਿਵਾਸੀ ਕਿਸੀ ਰਾਜਾਨੇਂ ਪ੍ਰਸਨ ਕੀਆਥਾ ਜੋਕਿ ਹਮ ਸ੍ਰੀ ਗੁਰੂਜੀ ਕੇ ਮਤਕੇ ਮੰਤ੍ਰਕਾ ਉਪਦੇਸ ਲੀਆ ਚਾਹਤੇਹੈਂ ਪਰੰਤੂ ਵਾਹਗੁਰੂ ਇਸ ਮੰਤ੍ਰਕਾ ਅਰਥ ਕੋਈ ਭੀ ਯਥਾਰਥ ਪ੍ਰਤੀਤ ਨਹੀਂ ਹੋਤਾਹੈ। ਔਰ ਮੰਤ੍ਰੋਂਕੇ ਅਰਥ ਬ੍ਰਹਮਾ ਵਿਸ਼ਨ ਸ਼ਿਵ ਬਾਵਨ ਰਾਮ ਕ੍ਰਿਸਨ ਯਿਹ ਸਭੀ ਯਥਾਰਥਹੈਂ ਸੋ ਐਸੀ ਉਸ ਰਾਜਾਕੀ ਵਿਪ੍ਰੀਤ ਭਾਵਨਾ ਦੂਰ ਕਰਣੇ ਵਾਸਤੇ। ਸਮਾਨਰੀਤੀ ਸੇਂ ਔਰ ਵਿਸੇਸ ਰੀਤੀਸੇਂ ਵਿਚਾਰਹੈ ਸੋ ਈਹਾਂ ਸਮਾਨ ਰੂਪ ਕਰਕੇ ਉਸ ਰਾਜਾਕੇ ਪ੍ਰਤੀ ਪ੍ਰਥਮ ਉਥਾਨਕਾਕੇ ਵੀਚ ਵਾਹਗੁਰੂ ਮੰਤ੍ਰਕਾ ਵਿਚਾਰ ਪ੍ਰਦਰਸਨ ਕਰਤੇਹੈਂ ॥ ਤਥਾਹੀ ॥ ਮਾਲੂਮ ਹੋ ਬਹੁਤ ਗ੍ਰੰਥੋਂਕੇ ਵੀਚਮੇਂ ਲਿਖਾਹੈ ਬ੍ਰਹਮਾਂਕਾ ਪਾਂਚਮਾਂ ਸਿਰ ਸ਼ਿਵਜੀਨੇ ਕਾਟ ਦੀਆਥਾ ਸੋ ਮਹੀਮਨ ਗ੍ਰੰਥਕੇ ਵੀਚ ਲਿਖਾ ਹੈ। ਔਰ ਸ਼ਿਵਕਾ ਲਿੰਗ ਵਿਸ਼ਨਜੀ ਨੇ ਕਾਟਕੇ ਗਿਆਰਾਂ ਟੁਕੜੇ ਕਰਦੀਆ ਥਾ ਔਰ ਵਿਸ਼ਨਕੇ ਭ੍ਰਿਗੂਨੇ ਲਾਤ ਮਾਰੀ ਥੀਂ ਔਰ ਬਾਵਨ ਬ੍ਰਾਹਮਣਥਾ ਰਾਮਨੌਮੀਕੋ ਰਾਮਚੰਦ੍ਰਕਾ ਜਨਮ ਹੂਆਥਾ ਔਰ ਭਾਦੋਂਕੀ ਅਸਟਮੀਕੋ ਕ੍ਰਿਸਨਜੀਕਾ ਜਨਮ ਹੂਆਥਾ। ਸੋ ਇਸਲੀਏ ਵਾਹਗੁਰੂ ਇਸਮੰਤ੍ਰਕੇ ਯਿਹੀ ਉਕਤਛੇ ਅਰਥ ਨਹੀਹੈਂ ਔਰ ਜਿਸਕਾ ਜਨਮ ਨਹੀ ਜਾਤ ਨਹੀ ਕੁਲ ਨਹੀ ਔਰ ਮਰਣ ਨਹੀ ਕਾਟਾ ਨਹੀ ਮਾਰਾ ਨਹੀ ਇਨ ਪਾਂਚ ਦੋਖੋਂਸੇ। ਜੋ ਰਹਿਤਹੈ ਸੋ ਵਾਹਗੁਰੂ ਇਸ ਮੰਤ੍ਰਕਾ ਅਰਥ ਯਥਾਰਥਹੈ। ਯਿਹ ਸਮਾਨਮੇਂ ਵਾਹਗੁਰੂ ਇਸਮੰਤ੍ਰਕੇ

ਅਰਥਮੇਂ ਵਿਚਾਰਹੈ।ਸੋਇਸ ਪ੍ਰਕਾਰਸੇਂ ਸਮਾਨਰੂਪ ਉਥਾਨਕਾ ਕੇ ਪ੍ਰਸਨਕੋ ਲੇਕਰ ਸਮਾਨਸੇਹੀ ਰਾਜਾਕੇ ਪ੍ਰਤੀ ਵਾਹਗੁਰੂ ਮੰਤ੍ਰਕੇ ਅਰਥਮੇਂ ਉਤ੍ਰ ਦੀਆਹੈ।ਇਤੀਸ੍ਰੀ ਉਥਾਨਕਾਸਮਾਨ ਪ੍ਰਸਨਮੇਂ। ਵਾਹਗੁਰੂਮੰਤ੍ਰ ਸਮਾਨ ਅਰਥ ਉਤ੍ਰ ਪ੍ਰਦਰਸਨੰ ॥ ੩ ॥

੧ ਓ ਪਰਬ੍ਰਹਮਣੇਨਮਃ ॥

ਇਸ ਗ੍ਰੰਥਕੇ ਇਸ ਪ੍ਰਖਮੇਂ ਵਾਹਗੁਰੂ ਇਸ ਮੰਤ੍ਰਕੇ ਵਿਚਾਰਕੀ ਉਥਾਨਕਾਕੋ ਵਿਸੇਸਰੂਪ ਕਰਕੇ ਨਿਰੂਪਣ ਕਰਤੇ ਹੈਂ। ਤਥਾਹੀ। ਸੋ ਮਾਲੂਮਹੋ ਸਭੀ ਮਤੋਂਮੇਂ ਪਰਸਪਰ ਜੀਵੋਂਕਾ ਵਿਵਾਦਹੈ। ਮਤ ਮੰਤ੍ਰ ਦੇਵਤਾ ਉਪਾਸਕਉਪਾਸਨਾ ਇਨ ਪਾਚੋਂਕੇ ਵੀਚ ॥੫॥ ਸੋਸਭੀ ਪੁਰਖ ਪਰਸ ਪਰ ਕਥਨ ਕਰਤੇਹੈਂ। ਜੋਕਿ ਹਮਾਰੇ ਮਤਕੇ ਯਿਹ ਪਾਂਚੋਂ ਯਥਾਰਥ ਹੈ ਪ੍ਰਮਾਤਮਾਨੇ ਯਿਹਆਪਪਾਂਚੋਬਨਾਏਹੈਂ।ਔਰਮਤੋਂਕੇਯਿਹਪਾਚੋਂ ਪ੍ਰਮਾਤਮਾਨੇ ਨਿਹੀ ਬਨਾਏਹੈ । ਐਸੇਹੀ ਸਭੀ ਕਥਨ ਕਰਤੇ ਹੈ। ਸੋਇਸਪ੍ਰਕਾਰਸੇ ਬਾਰਾਂ ਪ੍ਰਕਾਰਕੇ ਮਤੋਂਮੇਂ ਅਨੇਕ ਪ੍ਰਕਾਰ ਸੇਂ ਵਿਵਾਦਹੈਂ। ਸੋਯਿਹ ਬਾਰਾਂ ਪ੍ਰਕਾਰਸੇਂ ਮੰਤ੍ਰ ਵਿਚਾਰ ਆਗੇ ਨਿਰੂਪਣ ਕਰੇਗੇਂ। ਸੋਇਸ ਪ੍ਰਕਾਰਕੋ ਲੇਕਰਕੇ ਬਾਰਾਂਹੀ ਮਤਕੇ ਵੀਚਮੇਂ ਮਤਭੇਦ ਕਰਕੇ ਹਰੇਕ ਮਤਮੇਂ ਯਿਹ ਉਕਤ ਪਾਂਚਪਾਂਚਹੈ ਸੋਇਸ ਵਿਚਾਰਕੋ ਅਵਲੋਕਨ ਕਰਣੇਸੇਂ ਬਾਰਾਂ ਹੀ ਮਤੋਂਕੇ ਵੀਚਮੇਂ। ਬਾਰਾਂ ਪੰਜੇ ਸਾਠਹੈ ਸੋ ਜਬ ਇਸ ਸਾਠ ਪ੍ਰਕਾਰਕੇ ਵਿਵਾਦਕੇ ਵੀਚਮੇਂ। ਯਿਹ ਪੁਰਖ ਉਰਝ ਰਹੇਹੈਂ

ਪਰਸਪਰ। ਤਵਤੋ ਸਰਵ ਪੁਰਖੋਂਕੀ ਬਿਵਸਥਾ ਅਵਿਦਿਆ ਮੇਂਹੀ ਫਸੇ ਰਹਿਣੇਂਕੀ ਪ੍ਰਤੀਤ ਹੋਤੀਹੈ। ਮ੍ਰਿਤੂਮੇਂ ਛੂਟਣੇ ਕਾ ਉਪਾਇ ਕੋਈ ਮਾਲੂਮ ਨਹੀਂ ਹੋਤਾਹੈ ਔਰ ਪ੍ਰਮਾਤਮਾਂ ਜਾਣਨਾਤੋ ਸਭੀ ਮਤੋਂਸੇਂ ਦੂਰਹੀ ਰਹਿਗਿਆਹੈ। ਸੋਇਸਲੀਏ ਬੁਧੀ ਵਾਲੇ ਮਹਾਂਪੁਰਸ਼ੋਂਕੋ ਪ੍ਰਯਤਨ ਕਰਣਕੀ ਜਰੂਰਤਹੈ ਕਿਉਂਕਿ ਪ੍ਰਮਾਤਮਾਂ ਮਤੋਂਕੇ ਵਿਵਾਦਨੇ ਗੁਪਤ ਕਰ ਰਖਾਹੈ ਸੋਐਸਾਵਿਚਾਰ ਕਰਣਾ ਯਥਾਰਥਹੈ ਜਿਸਵਿਚਾਰਕੇ ਕਰਣੇਸੇਂ ਪ੍ਰਮਾਤਮਾਂ ਕੋ ਜਾਣ ਕਰਕੇ ਸਰਵ ਪ੍ਰਾਣੀ ਆਤਮ ਬੋਧਕੋ ਪ੍ਰਾਪਤ ਹੋਸਕੇ। ਤਬ ਤੋ ਸਭੀ ਮਤੋਂਕਾ ਸਾਠ ਪ੍ਰਕਾਰਕਾ ਵਿਵਾਦ ਦੂਰ ਹੋਜਾਵੇਗਾ॥

ਇਤੀਸ੍ਰੀ ਦੁਤੀਆ ਉਥਾਨਕਾ ਵਿਚਾਰ ਸਮਾਪਤਃ ॥ ੪ ॥

੧ ਓਂ ਪਰਬ੍ਰਹਮਣੇਨਮਃ ॥

ਅਵਉਕਤ ਅਵਿਦਿਆ ਬੰਧਨਕੀ ਨਿਵ੍ਰਿਤੀਕੇ ਵਾਸਤੇ ਪ੍ਰਮਾਤਮਬੋਧਕਾ ਉਪਾਇ ਪ੍ਰਦਰਸ਼ਨ ਕਰਤੇਹੈਂ॥ ਤਥਾਹੀ । ਜੇਕਰਕੇ ਸਭੀ ਪੁਰਖ ਅਪਣੇ ਅਪਣੇ ਮਤੋਂਕੇ ਪੁਸਤਕੋਂਕੇ ਮੁਤਾਬਕ ਬਹੁਤੇ ਦੇਵਤਿਆਂਕੋ । ਬਹੁਤੇਹੀ ਪ੍ਰਮੇਸ੍ਵਰ ਮਾਨਲੇਮੇਂਗੇ ਤਬਤੋ ਸਰਵਪੁਰਖੋਂਕੋ ਏਕਹੀ ਕੋਈ ਮੰਤ੍ਰ ਮਾਨ ਲੇਣਾਂਹੀਂ ਜਥਾਰਥਹੈ ਸੋ ਜਿਸਿ ਕਿਸੀ ਏਕਹੀ ਮੰਤ੍ਰਕਾ ਅਰਥ ਸਭੀ ਦੇਵਤੇ ਹੋਸਕਤੇਹੈਂ॥ ਵੋਹੀ ਮੰਤ੍ਰ ਯਥਾਰਥ ਕਹਾ ਜਾਤਾਹੈ ਸੋ ਨਿਆਇ ਬਿਆਕਰਣਕੀ ਰੀਤੀ ਕਰਕੇ ਵੋਹ ਏਕਹੀ ਮੰਤ੍ਰ ਅਨੇਕ

ਦੇਵਤਿਓਂਕਾ ਵਾਚਕ ਹੋ ਸਕਤਾਹੈ ਜੈਸੇਕਿ ਅੰਗਰੇਜੀ ਫਾਰਸੀਕੇ ਗ੍ਰੈਮਰ ਔਰ ਸਰਫਨੈਸੇਂ ਲਫਜ਼ੋਂ ਕੇ ਅਰਥ ਸਹੀ ਹੋਤੇਹੈਂ ਐਸੇਹੀਂ ਏਕ ਮੰਤ੍ਰ ਕਾਹੀ ਅਰਥ ਸਭੀ ਦੇਵਤੇ ਹੋਨਾ ਯਥਾਰਥਹੈ । ਅਥਵਾ । ਸਰਵ ਅਵਤਾਰ ਔਰ ਦੇਵਤਿਓਂਕਾ ਪ੍ਰੇਰਕ ਏਕ ਹੀ ਪ੍ਰਮਾਤਮਾ ਯਥਾਰਥਹੈ ਸੋ ਇਸਿ ਪ੍ਰਕਾਰਕੇ ਵਿਚਾਰਸੇਂਭੀ ਸ਼ਾਠ ਪ੍ਰਕਾਰਕੇ ਵਿਵਾਦ ਦੂਰਹੋਜਾਤੇਹੈ ਪਰੰਤੂ ਤਵਭੀ ਸਰਵ ਪੁਰੂਖੋਂਕੇ ਮਨਕਾ ਭੇਦ ਦੂਰ ਨਹੀ ਹੋਸਕਤਾਹੈ ਕਿਉਂਕਿ ਸਭੀ ਕਥਨ ਕਰੇਂਗੇ. ਜੋਕਿ ਹਮਾਰਾ ਦੇਵਤਾਹੈ ਸੋ ਵੋਹੀ ਸਭੀ ਔਰ ਦੇਵਤਿਆਂਕੀ ਪ੍ਰੇਰਣਾਂ ਕਰਣੇ ਵਾਲਾਹੈ ਤਵਤੋ ਸਰਵਹੀ ਇਸੀ ਪ੍ਰਕਾਰਸੇਂ ਕਥਨ ਕਰੇਂਗੇ ਤਵਭੀ ਫਿਰਿ ਉਕਤ ਸਾਠ ਪ੍ਰਕਾਰਕਾ ਵਿਵਾਦ ਨਿਵ੍ਰਿਤ ਨਹੀ ਹੋਸਕਤਾਹੈ। ਇਸਿਲੀਏ ਪ੍ਰਥਮ ਵਿਚਾਰ ਪਖਕੋ ਅੰਗੀਕਾਰ ਕਰਕੇ ॥ ਅਨੇਕ ਦੇਵਤਿਆਂਕਾ ਵਾਚਕ ਏਕ ਮੰਤ੍ਰਹੀ ਸਾਠ ਵਿਵਾਦਕੇ ਦੂਰ ਕਰਣੇਕੇ ਵਾਸਤੇ ਹੋਨਾ ਯਥਾਰਥਹੈ । ਸੋ ਇਸਿ ਵਾਸਤੇ ਜੋ ਸੰਸਕ੍ਰਿਤ ਭਾਖਾ ਰੂਪ ਜਬਾਨਹੈ ਸੋ ਉਸਕੇ ਬੀਚਮੇਂ ਜੋ ਵਾਹ-ਗੁਰੂ ਇਸਿ ਮੰਤ੍ਰਕੀ । ਬਿਆਖਿਆ ॥ ਗੁਰੂ ਮੰਤ੍ਰਾ ਅਰਥ ਪ੍ਰਕਾਸਕ । ਯਿਹ ਗ੍ਰੰਥਹੈ ਸੋ ਉਸਿਮੇਂ ਯਿਹ ਸਭੀ ਵਿਚਾਰ ਨਿਰੂਪਣ ਕੀਆ ਹੈ ਸੋ ਵੋਹੀ ਵਿਚਾਰ ਈਹਾਂ ਗੁਰੂਮੁਖੀ ਭਾਖਾਮੇਂ ਭੀ ਨਿਰੂਪਣ ਕੀਆਹੈ। ਸੋ ਵਿਚਾਰ ਮਾਲੂਮ ਹੋਵੇ । ਇਸਿ ਗ੍ਰੰਥਮੇਂ ਈਹਾਂ ਬਾਰਾਂ ਮੰਤ੍ਰ ਬਾਰਾ ਅਰਥ ਇਕਤਾਲੀ

ਅਖਰ ਇਨਿਤੀਨੋਂਕਾ ਪ੍ਰਦਰਸਨ ਕਰਤੇਹੈਂ। ਤਥਾਹੀ।
ਸਕਤੀ ਸੂਰਜ ਗੁਰੂ ਬ੍ਰਹਮਾ ਵਿਸਨ ਛਿਵ ਬ੍ਰਹਮ ਵਿਰਾਟ
ਤਤੁਮਸੀ ਮਹਾਂਕਾਲ ਅਥਾ ਅਤੇ ਬ੍ਰਹਮ ਜਿਗਿਆਸਾ ॥
ਅਥਾ ਅਤੇ ਧਰਮ ਜਿਗਿਆਸਾ ॥ ੧੨ ॥
ਯਿਹ ਬਾਰਾਂਮੰਤ੍ਰਹੈਂ ਇਨ ਬਾਰਾਂ ਮੰਤ੍ਰੋਂਕੇ ਵੀਚ ਸੰਸਕ੍ਰਿਤਕੀ
ਰੀਤੀਸੇਂ ਇਕਤਾਲੀ ਅ. ਰਹੈਂ ਸੋ ਇਨਬਾਰਾਂ ਮੰਤ੍ਰਾਂਕੇ ਅਰਥ
ਬਾਰਾਂਹੀ ਦੇਵਤਾਹੈਂ ਸੋਇਨ ਬਾਰਾਂਕੇ ਵੀਚਮੇਂ। ਬਾਰਾਂ
ਪੰਜੇਸਾਠ ਪ੍ਰਕਾਰਸੇਂ। ਪਰਸਪਰ ਉਪਾਸਕੋਂਕਾ। ਨਿਊਨ
ਅਧਕ ਪ੍ਰਕਾਰ ਕੋ ਲੇਕਰਕੇ ਵਿਵਾਦਹੈਂ। ਸੋਇਸ ਸਾਠ
ਪ੍ਰਕਾਰਕੇ। ਵਿਵਾਦਕੋ ਦੂਰ ਕਰਣੇ ਕੇ ਵਾਸਤੇ ਇਕਤਾਲੀ
ਅਖਰਵਾਲੇ ਬਾਰਾਂ ਮੰਤ੍ਰਾਂਕੇ ਆਸਥਾਨਮੇਂ ਚਾਰ ਅਖਰਕਾ।
ਵਾਹਿਗੁਰੂ। ਯਿਹ ਮੰਤ੍ਰ ਪਾਠ ਜਥਾਰਥਹੈ। ਸੋਵੋਹ ਬਾਰਾਂ
ਦੇਵਤੇ ਰੂਪ ਅਰਥ ਇਸ ਵਾਹਿਗੁਰੂ ਮੰਤ੍ਰਕਾਹੀ ਨਿਆਇ
ਬਿਆਕਰਣ ਵੇਦਾਂਤ ਇਨ ਤੀਨੋਂ ਕਰਕੇ ਪ੍ਰਸਿਧਿਹੀ
ਸਪਸਟਹੈ। ਸੋਇਸ ਵਾਸਤੇ ਸੰਸਕ੍ਰਿਤ ਗੁਰੂ ਮੰਤ੍ਰਾਂ ਅਰਥ
ਪ੍ਰਕਾਸਕ। ਵਾਹਿਗੁਰੂ। ਇਸਮੰਤ੍ਰਕੀ ਬਿਆਖਿਆਕਾ
ਅਵਲੋਕਨ ਜਰੂਰ ਕਰਨਾ ਯਥਾਰਥਹੈ। ਸੋ ਉਸੀ ਰੀਤਕੀ
ਜੋ ਹਮਾਰੀ ਬਨਾਈ ਹੂਈ ਬਿਆਖਿਆਹੈ। ਵੋਹੀ ਯਿਹ
ਹਮਨੇਂ ਨਿਰੂਪਣ ਕਰੀਹੈ ॥ ਸੋਇਸ ਪ੍ਰਕਾਰਸੇਂ ਵਾਹਿਗੁਰੂ
ਇਸਮੰਤ੍ਰਕੇ ਅਨੰਤ ਅਰਥਹੈਂ ॥
ਇਤੀ ਸ੍ਰੀ ਵਾਹਿਗੁਰੂ ਮੰਤ੍ਰ ਤ੍ਰੀਤੀਆ ਉਥਾਨਕਾ ਵਿਚਾਰਃ॥੫॥

ਓਂ ਪਰਬ੍ਰਹਮਣੇ ਨਮਃ ॥

ਅਥਪ੍ਰਸਨ ਵਿਚਾਰ ਨਿਰੂਪਤੇ। ਪੂਰਵ ਪਖੀਕਾ ਕਥਨ ਹੈ ਜੋ ਪਦ ਨਿਆਇ ਬਿਆਕਰਣ ਕਰਕੇ ਯਥਾਰਥ ਸਿਧਿ ਹੋਤੇਹੈਂ ਉਨ ਪਦੋਂ ਕੇ ਵੀਚਮੇਂਹੀ ਧਾਤੂ ਪ੍ਰਤੇ ਪਦ ਅਰਥ ਗਿਆਨ ਯਿਹ ਪਾਂਚੋਂ ਪ੍ਰਸਿਧ ਹੋਤੇਹੈਂ ਤਵਹੀ ਉਸ ਪਦਕੋ ਅਰਥ ਵਾਲਾ ਪਦ ਕਹਿਤੇਹੈ ਸੋਇਸੀ ਵਾਸਤੇ ਰਾਮ ਇਸ ਦੋ ਅਖਰਕੇ ਪਦਮੇਂ ਯਿਹ ਉਕਤਪਾਂਚੋਂ ਦਸ ਪ੍ਰਕਾਰਸੇਂਹੈ। ਸੋਇਸੀ ਲੀਏ ਰਾਮ।ਇਤਿਆਦੀ ਸਵਦੋਂਕੋਪਦਕਹਿਤੇਹੈਂ। ਇਸ ਉਕਤ ਪ੍ਰਕਾਰਸੇਂ ਨਾਰਾਇਣ ਵਾਸ਼ਦੇਵ ਇਨਚਾਰ ਚਾਰ ਅਖਰੋਂ ਵਾਲੇ ਪਦੋਮੇਂ ਉਕਤ ਪਾਂਚੋਂ ਬੀਸ ਬੀਸ ਕਾਇਦੇ ਪ੍ਰਸਿਧਿਹੈ ਸੋ ਵਾਹਿਗੁਰੂ ਇਸਚਾਰ ਅਖਰਕੇ ਮੰਤ੍ਰਮੇਂ । ਧਾਤੂ ਪ੍ਰਤੇ ਪਦ ਅਰਥ ਗਿਆਨ ਯਿਹ ਪਾਂਚੋਹੀ ਨਹੀਹੈ ਸੋਇਸੀ ਵਾਸਤੇ ਵਾਹਿਗੁਰੂ ਯਿਹ ਮੰਤ੍ਰ ਨਿਰਰਥਕਹੈ ਯਿਹਿ ਪੂਰਵ ਪਖੀਕੀ ਆਸੰਕਾਹੈ ਮੰਤ੍ਰਮੇਂ। ਆਗੇ ਉਤ੍ਰ ਪਖਮੇ ਇਸ ਗ੍ਰੰਥ ਕੇ ਵੀਚ ਪੂਰਵ ਪਖੀ ਕੇ ਪ੍ਰਤੀ ਵੇਦ ਬਿਆਕਰਣ ਨਿਆਇ ਵੇਦਾਂਤ ਇਨ ਚਾਰੋਂਹੀ ਪ੍ਰਕਾਰਸੇਂ ਦੋਸ ਦੂਰ ਕਰਣੇ ਕੇ ਵਾਸਤੇਉਤ੍ਰਦੀਏ ਜਾਵੇਂਗੇ॥ ਇਤੀਸ੍ਰੀ ਪ੍ਰਸਨ ਵਿਚਾਰਃ॥ ੬॥

੧ ਓਂ ਪਰਬ੍ਰਹਮਣੇਨਮਃ

ਪੁਨਾ ਪ੍ਰਸਨ ਵਿਚਾਰਃ। ਪ੍ਰਤੀ ਪਾਦਿਤੇ। ਅਥ ਪੂਰਵ ਪਖੀਕਾ ਕਥਨਹੈ ਇਸ ਵਾਹਿਗੁਰੂ ਮੰਤ੍ਰਮੇਂ ਚਾਰਹੀ ਅਖਰੋਂ

ਕਾ ਨਿਯਮ ਕਿਉਂ ਹੈ। ਤੀਨ ਅਖਰ ਮੰਤ੍ਰਕੇ ਵੀਚ ਕਿਉਂ ਨਹੀਂ ਹੈਂ ਅਥਵਾ ਪਾਂਚ ਅਖਰ ਇਸ ਵਾਹਿਗੁਰੂ ਮੰਤ੍ਰਕੇ ਵੀਚ ਕਿਉਂ ਨਹੀਂ ਹੈਂ। ਸੋ ਇਸ ਪ੍ਰਸ਼ਨਕਾ ਕੋਈ ਐਸਾ ਯਥਾਰਥ ਉਤ੍ਰ ਦੇਨਾ ਜਰੂਰੀ ਹੈ ਜਿਸ ਉਤ੍ਰਕੇ ਦੇਨੇਸੇਂ। ਵਾਹਿਗੁਰੂ। ਇਸ ਮੰਤ੍ਰਕੇ ਨਿਯਮਸੇਂ ਚਾਰਹੀ ਅਖਰ ਬਨੇ ਰਹੇਂ। ਤੀਨ ਅਖਰਕੀ ਪਾਂਚ ਅਖਰਕੀ ਆਸੰਕਾ ਨਿਵਾਰਣ ਹੋਜਾਵੇ। ਸੋ ਇਸ ਪ੍ਰਕਾਰਸੇਂ ਪ੍ਰਸਨ ਕਰਤਾਕਾ ਕਥਨ ਹੈ। ਸੋ ਇਨ ਦੂਖਣੋਂ ਕੇ ਦੂਰ ਕਰਣੇਕੇ ਵਾਸਤੇ ਪ੍ਰਤੀਵੰਦੀ ਉਤ੍ਰ ਵਿਚਾਰ ਪ੍ਰਦਰਸਨ ਕਰੇਂਗੇ ਉਤ੍ਰ ਗ੍ਰੰਥਕੇ ਵੀਚਮੇਂ॥

ਇਤੀ ਸ੍ਰੀ ਦੁਤੀਆ ਪ੍ਰਸਨ ਵਿਚਾਰः ॥ ੨ ॥

ੴ ਪਰਬ੍ਰਹਮਣੇਨਮः।

ਅਬ ਇਸ ਪਖਕੇ ਵੀਚ ਪ੍ਰਤੀਵੰਦੀ ਉਤ੍ਰ ਵਿਚਾਰ ਕਰਕੇ ਪੂਰਵਪਖੀਕੇ ਪ੍ਰਸਨੋਂ ਕਾ ਉਤ੍ਰ ਨਿਰੂਪਣ ਕਰਤੇਹੈਂ। ਸੋ ਪ੍ਰਤੀਵੰਦੀ ਉਤ੍ਰ ਉਸਕੋ ਕਹਿਤੇ ਹੈਂ। ਜਿਸ ਉਤ੍ਰਕੇ ਦੇਣੇਸੇਂ ਪੂਰਵ ਪਖੀ ਕਾ ਪ੍ਰਸਨ ਖੰਡਿਤ ਹੋ ਜਾਤਾਹੈ॥ ਸੋ ਮਾਲੂਮ ਹੋਵੇ ਪੂਰਵ ਪ੍ਰਸਨ ਵਿਚਾਰਮੇਂ ਪੂਰਵ ਪਖੀਨੇਂ ਕਥਨਕੀਆ ਥਾ ਜੋਕਿ ਯਿਹ ਵਾਹਿਗੁਰੂ ਮੰਤ੍ਰ ਭਾਖਾਹੈ। ਸੋ ਇਸਕਾ ਉਤ੍ਰ ਮਾਲੂਮ ਕਰਾਇਆ ਜਾਤਾਹੈ। ਜੋਕਿ ਜਿਤਨੀ ਪੁਰਖ ਮਾਤ੍ਰ ਕੀ ਬਨਾਈ ਵਿਦਿਆਹੈ ਸੋ ਸਭੀ ਭਾਖਾਹੀਹੈ। ਕਿਉਂਕਿ ਜੋ ਕੁਛ ਮੁਖਸੇਂ ਬੋਲਾਜਾਤਾਹੈ ਉਸ ਭਾਖਣਕਾ ਨਾਮ ਭਾਖਾ ਹੈ

ਸੋਇਸ ਪ੍ਰਕਾਰ ਕੇ ਲੇਕਰਣੇ ਮਨੁਖ ਅਵਤਾਰ ਦੇਵਤੇ ਦਾਨੋ ਬ੍ਰਹਮਾਂ ਵਿਸਨ ਸ਼ਿਵ ਜੋਕੁਛ ਮੁਖਸੇਂ ਬੋਲਤੇਹੈਂ। ਸੋ ਸਭੀ ਭਾਖਾਹੀਹੈ। ਜੇਕਰਕੇ ਵਾਦੀ ਕਥਨ ਕਰੇ ਜੋਕਿ ਈਸ਼੍ਵਰਸੰਸਕ੍ਰਿਤ ਹੀ ਬੋਲਤਾਹੈ। ਤਵ ਈਸ੍ਵਰ ਵਿਦਿਆ ਬਿਨਾਹੀ ਪ੍ਰਸਿਧਹੈ ਕਿਉਕਿ ਈਸ਼੍ਵਰਕੀ ਵਿਦਿਆ ਵੇਦ ਸੰਸਕ੍ਰਿਤਮੇਂਹੀਹੈ ਪਰਮੇਸ੍ਵਰ ਸੰਸਕ੍ਰਿਤਹੀ ਸਦਾ ਬੋਲਤਾਹੈ ਔਰ ਕੋਈਭੀ ਬੋਲੀ ਪਰਮੇਸ੍ਵਰ ਨਹੀ ਬੋਲਤਾਹੈ। ਔਰ ਜੋ ਮੰਤ੍ਰ ਹੈਂ ਸੋ ਈਸ਼੍ਵਰਕੇ ਰਚੇ ਹੂਏ ਨਹੀਹੈਂ। ਇਸ ਵਿਚਾਰ ਕੇ ਲੀਏ ਪ੍ਰਸਨੋਂਕਾ ਉਤ੍ਰ ਨਿਰੂਪਣ ਕਰਤੇਹੈਂ ॥ ਤਥਾਹੀ ॥ ਪਰਮੇਸ੍ਵਰ ਕੇ ਸਭੀ ਪ੍ਰਕਾਰਕੀਆਂ ਤਾਕਤਾਂ ਹੋਤੀਆਂਹੈ ॥ ਜੀਵੋਂਕੇ ਨਹੀ ਹੋਤੀਆਂਹੈ ਸੋ ਜੀਵ ਬੀਸੋਂਪ੍ਰਕਾਰੋਂਕੀ ਵਿਦਿਆਕੋ ਜਾਂਣਤੇਹੈਂ ਔਰ ਨਵੀਨ ਬਹੁਤ ਸੀਆਂਬਿਦਿਆ ਕੋ ਰਚਤੇਭੀ ਹੈ। ਇਸਿ ਉਕਤ ਵਿਚਾਰ ਕੋ ਅਵਲੋਕਨ ਕਰਣੇਸੇਂ। ਪ੍ਰਸਿਧਿਹੀ ਮਾਲੂਮ ਹੋਤਾਹੈ। ਕੇਵਲ ਏਕ ਸੰਸਕ੍ਰਿਤ ਵਿਦਿਆਕੇ ਬਨਾਨੇ ਵਾਲਾ ਕੋਈ ਅਲਪਕੁਛ ਗਿਆਨ ਵਿਸਿਸਟ ਜੀਵ ਪ੍ਰਸਿਧਿ ਹੂਆਹੈ। ਜੇਕਰਕੇ ਉਕਤਸਰਵ ਵਿਦਿਆ ਵਾਲਿਓਂਕੇ ਅੰਦਰਮੇਂਹੀ ਈਸ਼੍ਵਰਹੈਂ ਤਵਤੋ ਅਰਜੁਨਕੇ ਪ੍ਰਤੀ ਜੋ ਕ੍ਰਿਸ਼ਨ ਜੀਨੇ ਗੀਤਾ ਕਰਕੇ ਉਪਦੇਸ ਕਰਾਹੈ। ਜੋਕਿ ਹੇ ਅਰਜਨ ॥ ਪਰਮੇਸ੍ਵਰ ਸਭੀਪ੍ਰਾਣੀਓਂਕੇ ਧਾਰਣਵਾਲੇ ਜੀਵੋਂ ਕੇ ਹਿਰਿਦੇਕੇ ਅੰਦਰ ਨਿਵਾਸ ਕਰਤਾਹੈ ਇਸਿ ਕਥਨ ਕਰਣੇ ਕਰਕੇ ਪ੍ਰਸਿਧਿ ਹੂਆ ਹੈ ਜੋ ਸਰਵ

ਵਿਦਿਆ ਹੈ ਸੋ ਸਭੀ ਪਰਮੇਸ਼੍ਵਰਕੀ ਹੈ ॥ ਇਨਿ ਸਰਬ ਵਿਦਿਆ ਵਾਲੇ ਕੋ ਪਰਮੇਸ੍ਵਰ ਕਹਿਤੇ ਹੈ ॥ ਦੂਸਰਾ ਵਿਚਾਰ ॥ ਜੋ ਬਾਦੀਕਾ ਕਥਨ ਹੈ। ਭਾਖਾ ਈਸ੍ਵਰਕੀ ਵਿਦਿਆ ਨਹੀ ਹੈ ਸੋ ਬਾਦੀਕਾ ਕਥਨ ਅਸੰਗਤ ਹੈ ਕਿਉਕਿ। ਵਾਦੀ ਕੋ ਭਾਖਾ ਇਸਿ ਪਦਕੇ ਅਰਥ ਮੇਂ ਗਿਆਨ ਨਹੀ ਹੈ। ਭਾਖਾ ਪਦਕਾ ਅਰਥ ਵਿਸੇਖ ਰੂਪ ਹੈ ॥ ਔਰ ਸਭੀ ਵਿਦਿਆ ਜੋ ਹੈ ਭਾਖਾ ਅਰਥ ਸਰੂਪ ਵਿਦਿਆ ਕੇ ॥ ਵੀਚ ਮੇਂ ਵਿਸੇਖਣ ਹੈ। ਸੋਈ ਦਿਖਿਲਾਤੇ ਹੈ ॥ ਸੰਸਕ੍ਰਿਤ ਭਾਖਾਕਾ ਵਿਸੇਖਣ ਹੈ ਐਸੇ ਹੀ। ਅੰਗਰੇਜੀ ਫਾਰਸੀ। ਕਰਨਾਟੀ। ਦਖਣੀ। ਯਿਹ ਸਭੀ। ਭਾਖਾ ਵਿਦਿਆ ਕੇ ਵੀਚ ਮੇਂ। ਵਿਸੇਖਣ ਹੈ। ਸੋਈ ਕਹਿਤੇ ਹੈਂ। ਸੰਸਕ੍ਰਿਤ ਭਾਖਾ। ਦਖਣੀ ਭਾਖਾ। ਅੰਗਰੇਜ਼ੀ ਭਾਖਾ। ਫਾਰਸੀ ਭਾਖਾ। ਕਰਨਾਟੀ ਭਾਖਾ। ਇਸ ਪ੍ਰਕਾਰ ਸੇਂ। ਐਸੇ ਵਿਸੇਖਣਾ ਵਾਲੀ ਕੋ। ਭਾਖਾ ਵਿਦਿਆ ਕਹਾ ਜਾਤਾ ਹੈ। ਇਸ ਦੂਸਰੇ ਪ੍ਰਕਾਰ ਕਰਕੇ ਪ੍ਰਤੀਵੰਦੀ ਉਤ੍ਰੋਂ ਸੇਂ। ਵਾਦੀ ਕੇ ਪ੍ਰਸ਼ਨੋਂ ਕਾ। ਨਿਰਾਕਰਣ ਪ੍ਰਸਿਧ ਹੈ। ਵਾਹਗੁਰੂ ਇਸ ਮੰਤ੍ਰ ਕੇ ਵੀਚ ਮੈਂ ਕਿਸੇ ਪ੍ਰਕਾਰ ਕੀ ਆਸੰਕਾ ਨਹੀ ਹੈ। ਸਾਖਿਆਤ। ਈਸ੍ਵਰ ਕੇ ਮੁਖ ਕਰਕੇ ਉਚਾਰਣ ਕਰਾ ਹੂਆ। ਵਾਹਗੁਰੂ। ਯਿਹ ਮੰਤ੍ਰ ਹੈ। ਇਸ ਪ੍ਰਕਾਰ ਸੇਂ ਵਾਹਗੁਰੂ ਇਸ ਭਾਖਾਕਾ ਵਿਚਾਰ ਹੈ। ਸੋ ਯਿਹ ਵਾਹਗੁਰੂ ਪਦ ਰੀਗਾ ਪਦ ਜੈਸੇ ਜੋਗ ਰੂਢ ਹੈ ਐਸੇ ਹੀ ਹੈ। ਜੋਗ ਉਸ ਕੋ ਕਹਾ ਜਾਤਾ ਹੈ ਜਿਸ ਪਦਕੇ ਸਭੀ ਅਖਰ ਔਰ ਕਿਸੀ ਦੂਸਰੇ ਪਦਕੇ ਅਰਥ ਕੋ ਪ੍ਰਕ੍ਰਿਤੀ

ਪ੍ਰਤੇਕੇ ਭੇਦ ਕਰਕੇ ਅਰਥ ਦਿਖਲਾਨੇਸੇ ਪੀਛੇ ਫਿਰ ਅਪਨੇ ਅਰਥਕੋ ਕਹੇਂ । ਰੂੜ ਉਸਕੋ ਕਹਿਤੇਹੈਂ । ਜਿਸਪਦਕੇ ਸਭੀ ਅਖਰ ਮਿਲ ਕਰਕੇ ਅਰਥਕੋ ਕਹਿਤੇਹੈਂ । ਇਸਰੀਤੀ ਸੇ ਵਾਹਗੁਰੂ ਯਿਹਪਦ ਜੋਗਰੂੜਹੈ ਇਨ ਪ੍ਰਤੀਵੰਦੀ ਉਤ੍ਰਦੋਨੋ ਪਖੋਂਮੇਂ ਯਿਹ ਵਿਚਾਰ ਸਪਸ਼ਟ ਕਰਤੇਹੈਂ । ਵਾਹਗੁਰੂ ਇਸ ਪਦਮੇਂ ਵਾਹਃ ਇਸ ਪਦਕਾ ਅਰਥ ਸੰਸਾਰਕੋ ਪ੍ਰਾਪਤ ਹੋਰਹਾ ਜੋ ਜੀਵਹੈ ਆਤਮਾਕੇ ਵੋਧਕੋ ਪ੍ਰਾਪਤ ਹੋਨੇ ਵਾਲਾ ਕਹਾਜਾਤਾ ਹੈ । ਗੁਰੂ ਪਦਕਾ ਅਰਥ ਬ੍ਰਹਮ ਗਿਆਤਾ ਜਿਸਕੋ ਉਪਦੇਸ਼ ਕਰਣੇ ਵਾਲੇ ਗੁਰੂ ਕਹੇ ਜਾਤੇਹੈਂ । ਅਵਇਨਿ ਦੋਨੋਂ ਪਖੋਮੇਂ ਵਾਹਗੁਰੂ ਇਸ ਮੰਤ੍ਰਮੇਂ ਪਦ ਅਰਥ ਇਨਦੋਨੋਂ ਵਿਚਾਰੋਂਕੋ ਦਿਖਲਾਤੇਹੈਂ । ਵਾਹਃ ਇਸਮੇਂ । ਤੀਨਪਦ । ਤੀਨਅਰਥਹੈ । ਗੁਰੂ । ਇਸ ਏਕ ਦੇਸ਼ਮੇਂ । ਤੀਨਪਦ । ਤੀਨ ਅਰਥਹੈ । ਵਾਹਗੁਰੂ । ਇਸ ਚਾਰ ਅਖਰਕੇ । ਸਮੁਦਾਇਕੇ ਵੀਚਮੇਂ ਫਿਰ ਤੀਨ ਪਦ ਤੀਨ ਅਰਥਹੈ । ਇਸ ਰੀਤੀਸੇਂ ਇਨਪ੍ਰਤੀ ਵੰਦੀ ਉਤ੍ਰ ਦੋਨੋ ਪਖੋਂਮੇਂ । ਕ੍ਰਮਸੇਂ । ਵਾਹਿਗੁਰੂ ਇਸਮੰਤ੍ਰਕੇ । ਪਦ ਅਰਥ ਦੋਨੋਹੀਂ । ਆਠਾਰਾਂ । ਆਠਾਰਾਂ । ਕਹੇਜਾਤੇਹੈਂ ਇਸੀ ਪ੍ਰਕਾਰਕੇ ਵਿਚਾਰਕੋ । ਲੇਕਰਕੇ । ਪਹਲੇ ਪ੍ਰਤੀਵੰਦੀ ਉਤ੍ਰ । ਪਖਕੇਵੀਚ । ਦੋ ਧਾਤੂ ਦੋ ਪ੍ਰਤੇਹੈਂ । ਵਾਹਿਗੁਰੂ । ਇਸ ਮੰਤ੍ਰਮੇਂ । ਇਸੀਤਰਾਸੇਂ । ਇਸਪਖਕੇ । ਵੀਚਮੇਂਭੀ । ਵਾਹਿਗੁਰੂ।ਇਸਮੰਤ੍ਰਮੇਂ।ਦੋਧਾਤੂ ਦੋਪ੍ਰਤੇਹੈਂ।ਦੋਨੋਂਪਖੋਂਕੇ ਮਿਲਾ ਕਰਕੇ ਆਠ ਪ੍ਰਸਿਧਹੈ ਆਠੋਂਕੇ ਆਠਹੀ ਅਰਥਹੈ । ਮਿਲ

ਕਰਕੇ ਸਭੀਸੋਲ੍ਹਾਂ ਭੇਦੇਹੈ। ਇਸ ਪ੍ਰਕਾਰਕੇ । ਲੇਕਰਕੇ । ਇਨਦੋਨੋਂ ਪਖੋਂਕੇਵੀਚ। ਵਾਹਗੁਰੂ । ਇਸਮੰਤ੍ਰਕੇ । ਧਾਤੂ ਪ੍ਰਤੇ ਪਦ ਅਰਥ। ਬਵੰਜਾਹੈਂ। ਅਗਿਆਨੀ ਪੂਰਵ ਪਖੀਕੋ ਇਨਮੇਂਸੇ ਏਕਭੀ। ਨਜਰਨਹੀ ਆਤਾਥਾ। ਇਸ ਰੀਤੀਸੇਂ ਵਾਦੀਕੇ ਪ੍ਰਤੀ ਕੌਮੁਤਕਦਿਖਿਲਾਕਰਕੇ। ਵਾਹਗੁਰੂ ਮੰਤ੍ਰਮੇਂ ਬਵੰਜਾਕਾ ਪ੍ਰਦਰਸਨ ਕਰਿਆਹੈ ਮੰਤ੍ਰਕਾ ਫਲਿਤ ਅਰਥ ਦਿਖਿਲਾਤੇਹੈਂ । ਜਿਸਕੇ ਪਰਬ੍ਰਹਮਕੀ ਪ੍ਰਾਪਤੀ ਕਰਾਨੇ ਵਾਲਾ। ਗਿਆਨਵਾਨ। ਗੁਰੂਹੈ। ਯਿਹ ਵਾਹਗੁਰੂ। ਮੰਤ੍ਰਕੇ। ਧਾਤੂ ਪ੍ਰਤੇ ਪਦ ਅਰਥ। ਇਨਚਾਰੋਂਮੇਂ । ਸਾਵਦ ਵੇਧ ਗਿਆਨ ਪ੍ਰਸਿਧ ਕਹਾ ਜਾਤਾਹੈ॥

ਇਤੀ ਸ੍ਰੀ ਧਾਤੂਪ੍ਰਤੇ। ਪਦ ਅਰਥ ਗਿਆਨੰ।
ਪ੍ਰਤੀਵੰਦੀ ਉਤ੍ਰਪਖੇ ਸਮਾਪਤੰ॥ ੮॥

੧ ਓਂ ਪਰਬ੍ਰਹਮਣੇਨਮਹ॥

ਅਦ੍ਵਤੀਏ ਪ੍ਰਸ਼ਨਕੋ ਪੁਨਾ ਪ੍ਰਤੀਵੰਦੀ ਉਤ੍ਰ ਕਰਕੇ ਪ੍ਰਕਾਰ ਭੇਦਸੇਂ ਖੰਡਨ ਕਰਤੇਹੈਂ ਸੋ ਹੇ ਵਾਦੀ ਮਾਲੂਮ ਹੋਵੇ ਤੁਮਕੋ ਜੈਸੇ ਕਿ ਵਾਹਗੁਰੂ ਇਸ ਮੰਤ੍ਰਕੇ ਵੀਚ ਤੁਮਾਰੇ ਏਕ ਦੋਸ਼ਕਾ ਪ੍ਰਸ਼ਨਹੈ ਐਸੇ ਹੀ ਤੁਮਾਰੇ ਮਤਕੇ ਵੀਚ ਅਠਾਹਟ ਪ੍ਰਕਾਰਸੇ ਦੋਸਹੈ ਸੋਈ ਦਿਖਲਾਤੇਹੈਂ। ਤਥਾਹੀ। ਵੇਦਕਾਲ ਦੇਵ ਮੋਖ ਪਦਾਰਥ ਧਰਮਪਾਦ ਓਂਮਾਤ੍ਰਾ ਤਦਅਰਥ ਅੰਤਾ-ਕਰਣ ਵਿਰਤੀ ਵਰਣ ਆਸ਼੍ਰਮ ਦਿਕ ਆਵਸਥਾ। ਬਾਣੀ

ਖਾਣੀ ਹੁਗ॥ ੧੭॥ ਯਿਹ ਸਤਾਰਾਂ ਏਂਕੜੀਹੈ ਸੋ ਜੈਸੇ ਵਾਹਗੁਰੂ ਇਨਚਾਰ ਅਖਰਕੀ ਏਕ ਏਕੜੀਮੇਂ ਵਾਦੀਕਾ ਪ੍ਰਸ਼ਨਥਾ। ਜੋਕਿ ਇਸ ਮੰਤ੍ਰਕੇ ਵੀਚਮੇਂ ਤੀਨ ਅਖਰ ਕਿਉ ਨਹੀਹੈਂ। ਔਰ ਪਾਂਚ ਅਖਰ ਕਿਉਂ ਨਹੀ ਹੈਂ। ਚਾਰ ਅਖਰ ਕਾ ਨਿਯਮ ਕਿਉ ਰਖਿਆਹੈ। ਸੋ ਯਿਹੀ ਪ੍ਰਸ਼ਨ ਸਤਾਰਾਂ ਪ੍ਰਕਾਰਸੇਂ ਪੂਰਵ ਪਖੀਕੇ ਗਲਮੇਂ ਪੜਾਹੈ। ਸੋਇਨਸਤਾਰਾਂ ਪ੍ਰਸ਼ਨੋਂਕਾ ਉਤ੍ਰਵਾਦੀਸੇਂ ਕੁਛਨਾ ਬਨੇਗਾ। ਸੋਦਿਖਲਾਤੇਹੈਂ ਤਥਾਹੀ। ਵੇਦਤੀਨ ਕਿਉਂ ਨਹੀਹੈ ਪਾਂਚ ਕਿਉ ਨਹੀਹੈ ਇਸ ਪ੍ਰਕਾਰਕੋ ਲੇਕਰਕੇ ਔਰ ਸੋਲਾਂ ਪ੍ਰਸ਼ਨ ਜਾਣਲੈਣੇ ਔਰਭੀ ਦਿਖਲਾਤੇਹੈ॥ ਉਤਪਤੀ ਇਸਥਿਤੀ ਪਰਲੈਂ ਦਿਨਰਾਤ। ਇਨਚਾਰੋਂਕੇ ਬਨਾਨੇ ਵਾਲੇ। ਬ੍ਰਹਮਾ ਵਿਸਨ ਸ਼ਿਵ ਸੂਰਯ ਯਿਹ ਚਾਰੋਂ ਤੀਨ ਕਿਉ ਨਹੀਹੈ। ਪਾਂਚ ਕਿਉ ਨਹੀਹੈ। ਐਸੇ ਹੀ ਪੰਦ੍ਰਾਂ ਪ੍ਰਸ਼ਨ ਔਰ ਭੀ ਜਾਣ ਲੈਣੇ ਸੋ ਇਸ ਪ੍ਰਕਾਰਸੇਂ ਪੂਰਵਪਖ ਕਰਣੇਵਾਲੇਕੋ ਪ੍ਰਤੀਵੰਦੀ ਉਤ੍ਰ ਸਤਾਰਾਂ ਪ੍ਰਕਾਰ ਸੇ ਦੀਆ ਗਿਆਹੈ। ਵਾਹਗੁਰੂ ਇਸ ਮੰਤ੍ਰਕੇ ਵੀਚਮੇਂ ਕੋਈ ਭੀ ਦੋਖ ਨ ਪਹੁਚਾ॥

ਇਤੀਸ੍ਰੀ ਪ੍ਰਤੀਵੰਦੀ ਦੁਤੀਆ ਉਤ੍ਰ ਵਿਚਾਰਃ॥ ੯॥

੧ ਓਂ ਪਰਬ੍ਰਹਮਣੇਨਮ॥

ਅਵ ਨਵੀਨ ਰੀਤੀ ਕਰਕੇ ਪੂਰਵ ਪਖੀਕੇ ਦੋਖੋਂਕੀ। ਵਾਹਗੁਰੂ ਇਸਮੰਤ੍ਰਕੇ ਵੀਚਸੇ ਨਿਵਰਤੀ ਨਿਰੂਪਣ ਕਰਤੇਹੈਂ

ਪ੍ਰਸ਼ਨ ਕਰਣੇ ਵਾਲਾ ਕਹਿਤਾਹੈ। ਪ੍ਰਸਨ ਖੰਡਨ ਯਥਾਰਥ ਉਤ੍ਰ ਨਹੀ ਹੋਤਾਹੈ ਸੋ ਯਥਾਰਥ ਵਿਚਾਰਕੇ । ਅੰਗੀਕਾਰ ਕਰਕੇ ਵਾਹਗੁਰੂ ਮੰਤ੍ਰਮੇਂ। ਸਿਧਾਂਤੀ ਪੂਰਵ ਪਖੀਕੇ ਪ੍ਰਤੀ। ਵਾਦੀ ਤ੍ਰਖਤ੍ਰ ਨਿਆਇ ਪਖਮੇਂ ਵਿਚਾਰਕੇ ਮੰਤ੍ਰਮੇਂ ਨਿਰੂਪਣ ਕਰਤੇਹੈਂ। ਦੋਦ੍ਰਿਸਟਾਂਤ ਕਰਕੇ ॥ ਤਥਾਹੀ। ਹੇ ਪੂਰਵਪਖੀ ਗ੍ਰੰਥੋਂਮੇਂ ਲਿਖਾਹੈ। ਕਰਮੋਂਕੀ ਵਿਧੀਕੇ ਪ੍ਰਸੰਗਮੇਂ ਯਵਪੁਤ੍ਰ ਬਾਰਾਂ ਦਿਨੋਂ ਕਾ ਹੋਵੇ ਤਵ ਪੁਤ੍ਰਕਾ ਸੰਕੇਤਕ ਨਾਮਰਖੇ ਪੁਤ੍ਰਕੇ ਜਾਦਕਰਨੇਕੇ ਵਾਸਤੇ। ਦੂਸਰਾ ਦ੍ਰਿਸਟਾਂਤ ਕਹਿਤੇਹੈਂ। ਬਹੁਤ ਸੇ ਵੁਧੀਵਾਲਿਓਂਨੇਂ ਕਥਨ ਕਰਾਹੈ ਜਗਤਕੀ ਰਚਨਾਂ ਜਵ ਪਰਮੇਸ੍ਵਰਨੇ ਚਾਰ ਖਾਣੀ ਬਨਾਈਥੀ ਤਵ ਹਜਾਰ ਫਨ ਵਾਲਾ ਸ਼ੇਸਨਾਗ ਅੰਡਜ ਸ੍ਰਿਸਟੀਕੀ ਰਚਨਾਸੇਂ ਪੈਦਾ ਕੀਆ ਥਾ ਬ੍ਰਹਮਾ ਵਿਸਨ ਸ਼ਿਵਕੇ ਸਾਥ ਤਵਸੇਂਹੀ ਸੇਸਨਾਗ ਹਜਾਰਨਾਮ ਪੂਰਣ ਬ੍ਰਹਮਕਾ ਨਮਾਂ ਨਮਾਂ ਨਿਤਿਲੇਤਾਹੈ ਜੈਸੇ ਬਾਰਮੇਂ ਦਿਨਿਕੇ ਵੀਚਮੇਂ ਬੁਲਾਨੇਕੇ ਵਾਸਤੇ ਨਾਮ ਰਖਿਆਥਾ ਸੋ ਸੇਸਨਾਗਕੇ ਪਦਮੋਂ ਬਰਸੋਂਕੇ ਉਚਾਰਣ ਕਰੇ ਹੂਏ ਲਖੋਂ ਕਰੋੜੋਂ ਪਦਮੋਂ ਬ੍ਰਹਮਕੇ ਨਾਮਹੈਂ ਐਸੇ ਅਨੰਤ ਬ੍ਰਹਮਕੇ ਨਾਮਾਕੋ ਤੁਛ ਵੁਧੀ ਅਲਪਗਿਜੀਵ ਏਕ ਮੁਖਵਾਲਾ ਨਹੀ ਗਿਣਸਕਤਾ ਵੋਹ ਕਿਤੇ ਕਿ ਨਾਮਹੈਂ ਵੇਦ ਪੁਰਾਣਸਾਸਤ੍ਰ ਬਨਾਨੇਵਾਲੇ ਅੰਗ੍ਰਿਸਿ ਵਾਯੂ ਅਗਨੀ ਸੂਰਜ ਬਿਆਸ ਕਣਾਦ ਗੌਤਮ ਇਤਿਆਦੀ ਸਭੀ ਮਨੁਸੋਂਕੇ ਅਵਤਾਰ ਬ੍ਰਾਹਮਣ ਛਤ੍ਰੀ ਇਤਿਆਸਦੀ ਭੀਹੈ ਯਿਹਸਭੀ

ਸੇਸਨਾਗਨੇ ਜੋ ਬ੍ਰਹਮਕੇ ਨਾਮ ਰਖੇਹੈਂ ਉਨਿਏਕ ਮਹੀਨੇਕੇ ਜਾਂ ਬਰਸ ਦਿਨੋਂਕੇ ਨਾਮਾਂਕੋ ਗਿਣਨੇ ਨਹੀ ਸਕਤਾ ਕੋਈ ਅਵਤਾਰਭੀ ਸੋ ਵੇਦਾਂ ਸਾਸਤ੍ਰਾਂਮੇਂ ਇਸੀਵਾਸਤੇ ਬ੍ਰਹਮਕੇਨਾਮ ਲਿਖਣੇਸੇਂ ਰਹਿਗਏਹੈਂ। ਸੋ ਵਿਚਾਰ ਦਿਕਪ੍ਰਦਰਸਨਰੀਤੀਸੇਂ ਕਹਿਤੇਹੈਂ। ਠਾਕੁਰ ਵਿਸਨਕਾ ਨਾਮਹੈ । ਵੀਠੁਲ ਪਰਮੇਸ੍ਵਰ ਕਾ ਨਾਮਹੈ ਰੰਗ ਮਦਾਰ ਕ੍ਰਿਸ਼ਨਕਾ ਨਾਮਹੈ। ਗੋਦਾਵਾਧਿਕਾਕਾ ਨਾਮਹੈ ਐਸੇਹੀ ਵਾਹਗੁਰੂ ਪਦਾਸਹੀ ਐਸੇ ਬਿਆਪਕ ਬ੍ਰਹਮਕਾ ਵਾਚਕ ਮੰਤ੍ਰਹੈ। ਸੋਯਿਹ ਸਭੀ ਨਾਮ ਵੇਦਾਂ ਸ਼ਾਸਤ੍ਰਾਂਮੇਂ ਨਹੀ ਹੈ ਲਿਖਣੇਵਾਲੇ ਭੂਲ ਗਏਹੈਂ ਲਿਖਣਾਂ ਭੂਲ ਜਾਣੇਸੇਭੀ ਉਕਤ ਰੀਤੀ ਸੇਂ ਸਭੀ ਪਰਮਾਤਮਾਂ ਕੇ ਨਾਮ ਯਥਾਰਥਹੈਂ। ਜੋ ਵਾਦੀ ਕੀ ਆਸੰਕਾਥੀ ਕਿਸੀ ਸ਼ਾਸਤ੍ਰਮੇਂ ਵਾਹਗੁਰੂ ਯਿਹਮੰਤਨਹੀਹੈ ਸੋ ਇਸ ਉਕਤ ਵਿਚਾਰ ਕਰਕੇ ਉਤਰਦੀਏ ਗਏਹੈਂ। ਇਸ ਪਖਮੇ ਭੀ ਵਾਹਗੁਰੂ। ਯਿਹ ਪਦ ਯੋਗਰੂੜਹੈ। ਬਿਆਪਕ ਸਗੁਣ ਵਿਰਾਟ ਬ੍ਰਹਮਕੇ ਵੀਚਮੇ। ਪੂਰਵ ਉਕਤ ਵਿਚਾਰ ਕੀ ਰੀਤੀ ਕਰਕੇ ਇਸ ਪਖਮੇਭੀ ਵਾਹਗੁਰੂ ਇਸਮੰਤਰਮੇਂ। ਧਾਤੂ ਪ੍ਰਤੇ ਪਦ ਅਰਥ ਗਿਆਨ। ਯਿਹਪਾਂਚੇ ਛਬੀਭੇਦਸੇਹੈਂ॥

ਇਤੀਸ੍ਰੀਵਾਦੀਤੁਖਤੂਨਿਆਇ ਪਖ ਸਮਾਪਤਃ ॥ ੧੦॥

### ੧ ਓਪਰਬਹਮਣੇਨਮਃ ॥

ਵਾਹਗੁਰੂ ਇਨ ਚਾਰੋ ਅਖਰੋਕੇ ਵੀਚਮੇਂ। ਪੰਚਸੇਪ੍ਰਕਾਰ ਸੇ। ਧਾਤੂਪ੍ਰਤੇ ਪਦ ਅਰਥ ਗਿਆਨ । ਇਨਕੇ ਨਿਰੂਪਣ

ਪਰਕਾਰਕ ਵਾਸਤੇ। ਵਾਹਗੁਰੂ ਕੇ ਅਰਥਮੇ ਛਾਵਦ ਵੈਧਕੀ ਪ੍ਰਸਿਧੀਕੇ ਲੀਏ। ਵਾਹਗੁਰੂ ਪਦਕੀ ਛਕਤੀਕੇ ਸਰੂਪੋਂਕਾ ਸਪਸਟ ਕਰਕੇ ਪ੍ਰਦਰਸਨ ਕਰਤੇ ਹੈ। ਤਥਾਹੀ। ਸੁਧ ਬਹਮਕੇ ਵੀਚਮੇ। ਵਾਹਗੁਰੂ ਇਸ ਪਦਕੀ ਅਦਿੱਤ ਸਕਤੀ ਹੈ। ਸੋਪ੍ਰਕਾਰ ਦਿਖਲਾਤੇਹੈ। ਪੂਰਵ ਉਥਾਨਕਾ ਕ ਵਿਚਾਰ ਮੇ। ਪ੍ਰਕਾਰਭੇਦਮੇ ਬਾਰਾਂ ਭੇਦੋ ਕਰਕੇ। ਮੰਤ੍ਰ ਔਰ ਅਰਥਕਾ ਪ੍ਰਦਰਸ਼ਨ ਕਰ ਆਏਹੈ• ਉਸੀਕਾਨਿਰੂਪਣ ਕਰਤੇਹੈਂ। ਤਥਾਹੀ ਸੁਧਬ੍ਰਹਮ ੧ ਚੇਤਨਸ਼ਕਤੀ ੨ ਸੂਰਯ ੩ ਬ੍ਰਹਮ੪ ਵਿਸਨ ੫ । ਸ਼ਿਵ ॥ ੬ ॥ ਵਿਰਾਟ ॥ ੭ ॥ ਮਹਾਂਕਾਲ। ੮ ॥ ਇਨਿ। ਆਠੋਂ ਅਰਥੋਂ ਕੇ ਸਾਥ। ਗੁਰੂ ਪਦਕੇ ਅਰਥਕਾ। ਅਭੇਦਹੈ । ਸੁਧ ਬ੍ਰਹਮਕੇ ਸਾਥ। ਸਾਖੀ ਸਰੂਪਤਾ ਕਰਕੇ। ਏਕ ਰੂਪਹੈ ਔਰ ਸਾਤ ਅਰਥ ਪ੍ਰਸਿਧਿ ਦੇਵਤਾਕੇ ਸਾਥ॥ ਯਥਾਯੋਗ ਅਭੇਦਹੈ। ਸੋ ਵਿਚਾਰ ਕਰਤੇਹੈਂ। ਜੈਸੇ ਪਰਮੇਸ੍ਰਕੀ ਤਾਕਤ । ਮਾਇਆ ਕਾ ਨਾਮ ਸਕਤੀ ਕਹਾ ਜਾਤਾਹੈ। ਔਰ ਜੈਸੇ। ਮਨੁਖੋਂ ਕੀ ਤਾਕਤ ਜੋਰਕੋ ਸਕਤੀ ਕਹਤੇਹੈ ਐਸੇਹੀ ਵਰਣੋਂਕੀ ਬਿਵਸਥਾ ਹੈ॥ ਜੈਸੇ ਕਿ। ਏਕ ਅਖਰ ਹੋਵੇ। ਜਾਂ ਦੋਹੋਮੇਂ। ਜਾਂਤੀਨਚਾਰਹੋਮੇਂ। ਉਸਿਕੋ ਪਦ ਕਹਤੇਹੈਂ ਉਸਿਪਦਕੀ ਤਾਕਤ ਕਾ ਨਾਮ ਵਿਰਤੀਹੈ। ਸੋ ਪਦੋਂਕੀ। ਵਿਰਤੀਕੇ ਬਹੁਤ ਭੇਦਹੈਂ। ਉਸਿ ਵਿਰਤੀਕਾ ਨਾਮ। ਅਦਿੱਤ ਸਕਤੀਹੈ ॥ ੧ ॥ ਕੇਵਲ ਸਕਤੀਹੈ ॥ ੨ ॥ ਲਖਣਾਹੈ ॥ ੩ ॥ ਬਿੰਜਨਾਹੈ ॥ ੪ ॥ ਧੁਨੀਹੈ ॥ ੫ ॥ ਅਵਰੇਵਹੈ ॥ ੬ ॥

ਇਨਿਛੇਓ ਕਰਕੇ । ਸਭੀ ਵਿਦਿਆਮੇਂ । ਵਰਣ ਪਦ ਵਾਕ ਇਨਿ ਸਭੀ ਕੇ ਅਰਥ ਕੀਏ ਜਾਤੇਹੈਂ॥ ਐਸੇਹੀ। ਪਦੋਂਕੇ ਅਰਥ ਜੋਹੈਂ॥ ਮਤੁਪ ॥ ੧ ॥ ਅਚ ॥ ੨ ॥ ਅਧਿਆਹਾਰ ॥ ੩ ॥ ਆਵਿਰਤੀ ॥ ੪ ॥ ਅਨੁਵਿਰਤੀ ॥੫॥ ਇਨਿਪਾਂਚਕਰਕੇਭੀ ॥ ਕੀਏ ਜਾਤੇਹੈਂ ॥ ਸੋ ਇਸਿਵਿਚਾਰਕੋ ਲੇਕਰਕੇ। ਗਿਆਰਾਂ ਪ੍ਰਕਾਰ ਨਿਰੂਪਣ ਉਕਤਵਿਚਾਰਸ੍ਹੰ॥ ਰੋਪਣਕੇ ਦ੍ਰਿਸ਼ਟਾਂਤਕੋ ਦਿਖਲਾ ਕਰਕੇ। ਆਗੇ ਇਸਿ ਗ੍ਰੰਥਕੇ ਬੀਚਮੇਂ ॥ ਵਾਹਗੁਰੂ ਪਦਕੇ॥ ਅਰਥ ਨਿਰੂਪਣ ਕੇ ਵਾਸਤੇ। ਵਾਹਗੁਰੂ। ਇਸ ਪਦਕੀ ਸਕਤੀਕੇ ਸਰੂਪੋਂਕਾ ਪ੍ਰਦਰਸਨ ਕਰਤੇਹੈਂ ॥ ਤਥਾਹੀ ॥ ਇਸਿ ਵਿਚਾਰਕੋ ਸਕਤੀ ਵਾਦ ਗ੍ਰੰਥਕੇ ਦ੍ਰਿਸਟਾਂਤ ਕਰਕੇ। ਸਪਸਟ ਕੀਆ ਜਾਤਾਹੈ। ਸੋ ਜੈਸੇ ਘਟ ਪਦਕਾ ਅਰਥ। ਘਟਕੀ ਬਿਅਕਤੀਹੈਂ। ਘਟਤੁ ਜਾਤੀਹੈ। ਔਰ ਇਨਿ ਦੋਨੋਂਕਾ ਸੰਬੰਧਹੈ। ਸੋ ਏਕ ਘਟ ਪਦ ਕਰਕੇ। ਬਿਅਕਤੀ ਜਾਤੀ ਸੰਬੰਧ। ਇਨਿ ਤੀਨੋਂ ਕਾ ਗਿਆਨ ਹੋਤਾਹੈ। ਤੀਨੋਂਕਾ ਨਾਮਹੀ। ਘਟ ਕਹਿਤੇਹੈਂ। ਐਸੇਹੀ । ਵਾਹਗੁਰੂ ਇਸਪਦਕੀ ਸਕਤੀਕਾ ਆਕਾਰ ਦਿਖਲਾਤੇਹੈਂ। ਆਸਚਰਜ ॥ ੧ ॥ ਔਤਕ੍ਰਿਸਟ ॥ ੨ ॥ ਗੁਰੂ ਈਸ੍ਵਰ ਅਭਿਨ ॥ ੩ ॥ ਇਨਤੀਨੋ ਧਰਮੋਂ ਕਰਕੇ। ਯੁਕਤ ਪਰਮੇਸ੍ਵਰਹੈ। ਤੀਨੋ ਹੀ ਧਰਮੋ ਕਰਕੇ ਯੁਕਤ। ਆਤਮਾਂਕੇ ਗਿਆਨ ਵਾਲਾ ਗੁਰੂ ਪ੍ਰਸਿਧਿਹੈ। ਸੋ ਐਸੇ ਅਰਥੋਂਕੇ ਬੋਧ ਕਰਾਨੇਵਾਲੀ। ਵਾਹਗੁਰੂ ਪਦਕੀ ਤਾਕਤ

ਰੂਪ ਸਕਤੀਹੈ ਸੋ ਈਸ੍ਵਰ ਪਦ ਕਰਕੇ। ਪੂਰਵ ਕਥਨ ਕੀਏ ਹੂਏ ਆਠੋਂ ਅਰਥੋਂਕਾ ਅੰਗੀਕਾਰਹੈ ਉਨਿਆਠੋਂ ਅਰਥੋਂ ਕੇ ਵੀਚਮੇਂ। ਵੇਧਕਰਾਨੇਵਾਲੀ ਵਾਹਗੁਰੂ ਪਦਕੀ। ਤਾਕਤ ਸਕਤੀਹੈ। ਗੁਰੂ ਰੂਪ ਅਰਥਮੇ ਭੀ ਇਸ ਪਦਕੀ ਉਕਤ ਰੀਤੀਸੇਂ ਵੈਸੇਹੀ ਸਕਤੀਹੈ। ਪ੍ਰਕਾਰ ਭੇਦ ਕਰਕੇ। ਤੀਨ ਅਰਥਕੇ ਵੀਚਮੇਂਭੀ ਵਾਹਗੁਰੂ ਇਸ ਪਦਕੀ ਅਰਥਕੇ ਵੀਚਮੇਂ ਵੇਧਕੇ ਕਰਾਨੇ ਵਾਲੀ ਸਕਤੀਹੈ। ਸੋ ਇਸ ਪ੍ਰਕਾਰਸੇ। ਵਾਹਗੁਰੂ ਮੰਤ੍ਰਕੇ ਬਾਰਾਂ ਅਰਥਹੈਂ। ਬਹੁਤ ਸੂਖਮ ਯਿਹ ਵਿਚਾਰਹੈ। ਸੋ ਵਿਚਾਰ ਯਿਹਹੈ। ਜੈਸੇ ਹਰੀ ਇਸ ਪਦਕੇ ਅਰਥ ਅਨੇਕਹੈ ਸਕਤੀਕੇ ਭੇਦਸੇਂ ਅਰਥ ਗਿਆਨਮੇਂ ਭੇਦ ਹੋਤਾਹੈ। ਐਸੇਹੀ ਵਾਹਗੁਰੂ ਇਸ ਮੰਤ੍ਰਮੇਂ ਬਿਵਸਥਾਹੈ॥

ਇਤੀਸ੍ਰੀ ਵਾਹਿਗੁਰੁਪਦ ਸਕਤੀ ਵਿਚਾਰਃ ਸਮਾਪਤਃ॥੧੧॥

### ੧ ਓਂ ਪਰਬ੍ਰਹਮਣੇਨਮਃ

ਅਵ ਪਦ ਸਕਤੀ ਵਿਚਾਰਕੀ ਰੀਤੀ ਕਰਕੇ। ਵਾਹਗੁਰੂ ਇਸ ਪਦਕੇ ਅਰਥ ਵਿਖੇ ਸਾਵਦ ਵੇਧਕੀ ਪ੍ਰਕ੍ਰਿਆ ਦਿਖਲਾਤੇਹੈਂ। ਤਥਾਹੀ। ਵਾਹਗੁਰੂ ਇਸ ਪਦਕੀ। ਸਕਤੀ ਕੇ ਭੇਦੋਂਕਰਕੇ। ਵਾਹਿਗੁਰੂ ਕੇ ਅਰਥਮੇਂ। ਅਠਤਾਲੀ ਪ੍ਰਕਾਰਸੇਂ। ਸਾਵਦ ਵੇਧਹੈ। ਉਕਤ ਵਿਚਾਰ ਕਰਕੇ। ਪੂਰਬਕੇ ਦੋਨੋਂ ਪਦੋਂਮੇਂ ਅਵਲੋਕਨ ਕਰਲੈਣਾ। ਜੈਸੇਕਿ। ਉਕਤ ਆਠ ਅਰਥਕੇ ਸਾਥ। ਤੀਨ ਪ੍ਰਕਾਰਸੇਂ।

।ਅਤੇ ਏਹੈ।ਆਸਚਰਯਤ ਉਤਕ੍ਰਿਸਟਤ ਅਭੇਦਤੁ। ਯਿਹ ਤੀਨਰੂਪ ਨਹੈਂ। ਆਠ ਪ੍ਰਕਾਰਸੇਂ ਜੋ ਪ੍ਰੇਮ ਸ੍ਵਰਕਾ ਸਰੂਪਹੈ ਉਸੀ ਸਰੂਪਮੇਂ ਔਰ ਗੁਰੂਮੇਂ ਤੀਨੋਂ ਗੁਣ ਯਥਾਰਥਹੈਂ।ਆਠੋਂ ਅਰਥੋਂਮੇਂ ਗੁਰੂ ਰੂਪ ਅਰਥ ਪ੍ਰਕਾਰਹੈ।ਆਠਹੀ ਵਿਸੇਸਣੈ। ਫਿਰ ਆਠ ਅਰਥ। ਵਿਸੇਖਣਹੈ ਗੁਰੂ ਰੂਪ ਅਰਥ ਵਿਸੇਖ ਹੈ।ਅਵਿਦਿਆਕੇ ਵੰਧਨਸੇ ਵਿਨਾ ਚਿਦਾ ਭਾਸਮੇਂ ਯਿਹ ਬਿਵਸਥਾਹੈ।ਆਠ ਪ੍ਰਕਾਰਸੇ ਸਾਵਦ ਗਿਆਨਕਾ।ਸਰੂਪ ਦਿਖਲਾਤੇਹੈਂ।ਆਸਚਰਯ ਸਰੂਪ ਗੁਰੂ ॥ ੧ ॥ ਆਸਯ ਸਰੂਪ ਬ੍ਰਹਮ ॥ ੨ ॥ ਉਤਕ੍ਰਿਸਟ ਸਰੂਪਗੁਰੂ ॥ ੩ ॥ ਉਤਕ੍ਰਿਸਟ ਸਰੂਪ ਬ੍ਰਹਮ ॥੪॥ ਉਤਕ੍ਰਿਸਟਗੁਰੂਸੇਂ ਅਭਿਨ ਬ੍ਰਹਮ ॥ ੫ ॥ ਉਤਕ੍ਰਿਸਟ ਬ੍ਰਹਮਸੇਂ ਅਭਿਨਗੁਰੂ ॥ ੬ ॥ ਆਸਚਰਜ ਗੁਰੂਸੇਂ ਅਭਿਨ ਬ੍ਰਹਮ ॥ ੭ ॥ ਆਸਚਰਯ ਬ੍ਰਹਮਸੇਂ ਅਭਿਨ ਗੁਰੂ ॥ ੮ ॥ ਯਿਹ ਆਠ ਪ੍ਰਕਾਰਸੇਂ ॥ ਬ੍ਰਹਮ ਗੁਰੂ ॥ ਇਨਿ ਦੋਨੋਂ ਸਰੂਪੋਂ ਮੇਂ ॥ ਪਰਸਪਰਹੈ ॥ ਐਸੇਹੀ।ਸਕਤੀ ਸੂਰਯ ਵਿਰਾਟ ॥ ਮਹਾਕਾਲ ਵਿਸਨੂ ਬਹਮਾ ਸਿਵ ॥ ੭ ॥ ਇਨਿਸਾਤੋਂ ਕੇ ਪ੍ਰਸੰਗਮੇਂ ਭੀ। ਗੁਰੂ ਪਦਾਰਥਕਾ ਸਾਤੋਂਕੇਸਾਥ ਪਰਸ ਪਰ ਅਭੇਦ ਹੋਣੇ ਕਰਕੇ ਆਠ ਆਠ ਪ੍ਰਕਾਰਸੇਂ ॥ ਵਿਸੇਖ ਵਿਸੇਖਣ ॥ ਇਨਿ ਦੋਨੋਂ ਭੇਦੋਂ ਕੋ ਲੇਕਰ। ਸਾਵਦ ਵੇਧਕਾ ਵਿਚਾਰਹੈ। ਜੈਸੇ ਪੂਰਵ ਗ੍ਰੰਥਮੇ। ਆਸਚਰਯ। ਉਤਕ੍ਰਿਸਟ ਇਨਿ ਦੋਨੋ ਧਰਮ ਕਰਕੇ ਯੁਕਤੇ ਮੇ ਪ੍ਰਕ੍ਰਿਆ ਦਿਖਿਲਾਈਹੈ ॥ ਇਸੀ

ਰੀਤੀਸੇ ਯਿਹ ਸਭੀ ਬਿਵਸਥਾ ਕਾ ਨਿਰੂਪਣਹੈ॥

ਇਤੀ ਸ੍ਰੀ ਸ਼ਾਵਦ ਗਿਆਨ ਵਿਚਾਰਃ॥

ਵਾਹਗੁਰੂ ਮੰਤ੍ਰ ਸਮਾਪਤਃ॥੧੨॥

## ੴ ਪਰ ਬ੍ਰਹਮ ਣੇਨਮਃ॥

ਮਾਲੂਮ ਹੋਵੇ ਜੋਕਿ। ਵਾਹਗੁਰੂ ਮੰਤ੍ਰਮੇਂ ਨਵੀਨ ਵਿਚਾਰ ਨਿਰੂਪਣਕੇ ਵਾਸਤੇ। ਸੰਛੇਪ੍ਰਟੀ ਵਿਚਾਰ ਪਖਕਾ। ਨਿਰੂਪਣ ਕਰਤੇਹੈਂ ਵਾਹਗੁਰੂ ਇਸਿਮੰਤ੍ਰਕੇ ਅੰਦਰ ਜੋ ਏਕ ਦੇਸ ਵਾਹ ਪਦਹੈ ਸੋਯਿਹ ਪਦ ਣਿਓ ਪ੍ਰਤੇ ਵਾਲੀ ਵਾਹੀ ਧਾਤੂਕਾ ਬਿਆ ਕਰਣ ਕਰਕੇ ਬਨਜਾਤਾਹੈ। ਸੋਇਸ ਵਾਹ ਪਦਕਾ ਅਰਥ। ਅਸਤੁਤੀ ਕਰਣੇਕੇ ਯੋਗ ਆਤਮਾਂਕੇ ਵਿਚਾਰਕੇ ਕਰਣੇ ਵਾਲੇ ਗੁਰੂਹੀ ਪ੍ਰਸਿਧਿਹੈਂ। ਅਥਵਾ। ਵਾਹ ਇਸਪਦਕਾ। ਸਾਖੀ ਸਰੂਪ ਆਤਮਾਂਹੀ। ਯਥਾਰਥ ਅਰਥਹੈ ਗੁਰੂ ਇਸ ਪਦ ਕੇਭੀ। ਪੂਰਵ ਉਕਤ ਜੋ ਦੋਨੋ ਅਰਥਹੈ ਵੋਹੀ ਅਰਥ ਯਥਾਰਥਹੈਂ। ਵਾਹ ਗੁਰੂ ਇਨ ਦੋਨੋਂ ਪਦੋਂ ਕਾ ਆਪਸਮੇਂ ਕਰਮ ਧਾਰਿਆ ਸਮਾਸ ਹੋਨੇਸੇ। ਬਿਆ-ਕਰਣਕੀ ਰੀਤੀ ਕਰਕੇ ਏਕਹੀ ਵਾਹਿਗੁਰੂ ਯਿਹਪਦ ਬਨ ਜਾਤਾਹੈ। ਯਿਹ ਵਿਚਾਰ। ਇਸਪ੍ਰਕਾਰਸੇ ਪ੍ਰਸਿਧਹੈ। ਇਸ ਵਿਚਾਰਕੇ ਵੀਚਮੇਂ। ਫਾਰਸੀ ਅੰਗ੍ਰੇਜ਼ੀ। ਇਨ ਦੋਨੋਕੇ ਸਟਛਨੈ ਗ੍ਰੈਮਰਕਾ॥ ਦ੍ਰਿਸਟਾਂਤਭੀ। ਵਿਚਾਰਮੇਂ ਕਰਲੈਣਾਂ ਸੋਇਸ ਵਾਹ ਗੁਰੂ ਮੰਤ੍ਰਕੇ ਪਦ ਅਰਥੋਂਕਾ ਵਿਚਾਰ ਜੋ ਹੈ ਪੂਰਵ ਪ੍ਰਤੀ

ਵੰਦੀ ਉਤ੍ਰ ਤ੍ਰਖਤ੍ਰ ਨਿਆਇ। ਇਨਤੀਨੋ ਪਖੋਕੇ ਵੀਚ ਨਿਰੂਪਣ ਕਰਆਏਹੈਂ। ਆਗੇ ਉਤ੍ਰ ਗ੍ਰੰਥਮੇਂਭੀ ਨਿਰੂਪਣ ਕੀਆ ਜਾਵੇਗਾ। ਈਹਾਂ ਤ੍ਰਖਤ੍ਰ ਨਿਆਇ। ਵਿਚਾਰ ਪਖਕੇ ਵੀਚਮੈ ਸਾਵਦ ਗਿਆਨਕੀ। ਵਾਹਗੁਰੂ। ਇਸ ਮੰਤ੍ਰਮੇਂ ਵਿਵਸਥਾ ਸਭੀ ਪੂਰਵਕੀ ਰੀਤੀ ਜੈਸੀ ਪ੍ਰਸਿਧਹੀ ਵਿਚਾਰ ਲੈਣੀ। ਈਹਾਂ ਸੰਤ੍ਰਸਟੀ ਵਿਚਾਰਮੇਂ। ਵਾਹਗੁਰੂ। ਇਸ ਮੰਤ੍ਰਕੇ ਅਰਥ ਵੀਚ ਸ਼ਾਵਦ ਵੇਧ ਦਿਖਲਾਤੇ ਹੈ। ਤਥਾਹੀ। ਆਤਮਾਂਕੇ ਗਿਆਨ ਵਾਲਾ ਗੁਰੂ ਜੋ ਹੈ। ਸੋ ਅਸਤੁਤੀ ਕਰਣੇਕੇ ਯੋਗਹੈ॥ ਔਰ ਪ੍ਰਮਾਤਮਾ ਅਸਤੁਤੀ ਕਰਣੇ ਕੇ ਯੋਗਹੈ॥ ਇਸਿਰੀਤੀਸੇ ਵਾਹਗੁਰੂ ਇਸਿ ਮੰਤ੍ਰਕੇ ਅਰਥਮੇਂ ਦੋ ਪ੍ਰਕਾਰਸੇ ਸ਼ਾਵਦਵੇਧਹੈ॥

ਇਤੀ ਸ੍ਰੀ ਵਾਹਗੁਰੂਮੰਤ੍ਰੇ ਸੰਤ੍ਰਸਟੀਵਿਚਾਰਃ॥ ੧੩॥

### ੳ ਪਰ ਬ੍ਰਹਮਣੇ ਨਮਃ॥

ਅਬ ਇਸ ਪਖਮੇ ਵਾਹਗੁਰੂ। ਯਿਹ ਮਹਾ ਵਾਕ ਜਿਸਿ ਪ੍ਰਕਾਰਸੇਹੈ ਸੋ ਵਿਚਾਰ ਦ੍ਰਿਸਟਾਂਤ ਕਰਕੇ ਪ੍ਰਦਰਸ਼ਨ ਕਰਤੇਹੈਂ॥ ਸੋ ਜੈਸੇ ਉਦਿਆਲਕ ਬ੍ਰਾਹਮਣਨੇ ਅਪਣੇ ਬੇਟੇ। ਸ੍ਵੇਤਕੇਤੂ। ਇਸਿਨਾਮ ਵਾਲੇਕੇ ਪ੍ਰਤੀ ਤਤ੍ਵਮਸੀ ਯਿਹ ਵਾਕ ਚਾਰ ਅਖਰੋਂਕਾ ਨੌਂਬਾਰ। ਉਪਦੇਸ਼ ਕਰਾਥਾ। ਇਸੀ ਪ੍ਰਕਾਰਸੇ ਸ੍ਰੀਗੁਰੂ ਜੀਨੇ ਸਾਧਨ ਸੰਪਤੀਵਾਲੇ ਪੁਰੂਖੋ ਕੇ ਪ੍ਰਤੀ ਚਾਰ ਅਖਰੋਂਕਾ ਵਾਹਗੁਰੂ। ਯਿਹ ਮਹਾਂਵਾਕ ਮੰਤ੍ਰ

ਦੋਨੋ ਸ੍ਰੀਗੁਰੂ ਗ੍ਰੰਥ ਸਾਹਿਬਜੀ ਕਰਕੇ ਸ੍ਰੀਦਸੋਗੁਰੂ ਜੀਨੇ ਆਤਮਾਕੇ ਵਿਚਾਰ ਵਾਸਤੇ ਉਪਦੇਸ ਕਰਾਹੈ॥ ਸੋ ਵਿਚਾਰ ਸਪਸਟ। ਕਰਤੇਹੈਂ। ਮੰਤ੍ਰਮੇਂ। ਵਾਹਃ। ਯਿਹਤ੍ਵੰ ਪਦਹੈ। ਇਸਿ ਵਾਹ ਪਦਕਾ ਅਰਥ ਜਨਮ ਮਰਣ ਸੁਖ ਦੁਖ ਕਰਕੇ ਵੰਧਨਮੇ ਚਿਦਾਭਾਸ ਜੀਵਆਤਮਾਂਹੈ । ਇਸਿ ਵਾਹਪਦਕੇ ਅਰਥ ਜੀਵਆਤਮਾਂਕੋ॥ ਅੰਦਰਕੇ ਅਹੰਕਾਰ ਵਿਸਿਸਿਟ ਹੋਣੇ ਕਰਕੇ ਅਸਮਦ ਪਦਕਾ ਅਰਥ ਕਹਤੇਹੈਂ। ਸੋ ਅਸਮਦਪਕਾ ਅਰਥਹੈ ਮੈਂ ਕਰਤਾ ਹੂੰ ਮੈ ਕਰਾਂਗਾ। ਮੰਤ੍ਰਕੇ ਵਾਹਃ ਇਸਿ ਪਦਕੇ ਅਰਥ ਕੋ। ਜਸਮਦ ਪਦਕਾਭੀ ਅਰਥ ਕਹਿਤੇਹੈ ॥ ਸੋ ਜੋ ਬਾਹਰ॥ ਇੰਦ੍ਰੀਆਂ ਕੀ। ਵਿਰਿਤੀਕਾ॥ ਵਿਖੇ ਪਦਾਰਥਹੈ। ਯਿਹਿ ਮੇਰੇ ਭੂਮੀਦਨ ਇਤਿਆਦੀ ਸਭੀਹੈ ਇਨਿਕੋ ਜੁਸਮਦ ਇਸਿ ਪਦਕਾ ਅਰਥ ਕਹਾਜਾਤਾ ਹੈ। ਸੋ ਇਸਿ ਰੀਤੀਸੇ ਜੋ ਯਿਹ ਅਰਥ ਨਿਰੂਪਣ ਕੀਆਹੈ ਸੋ ਸਭੀ ਅਰਥ। ਵਾਹਗੁਰੂ। ਇਸ ਮੰਤ੍ਰਕੇ ਏਕਦੇਸ। ਵਾਹਃ। ਇਸ ਪਦਕਾਹੀ। ਅਰਥ ਯਥਾਰਥਹੈ। ਸੋਇਸ ਰੀਤੀਸੇ। ਵਾਹਗੁਰੂ। ਇਸ ਮਹਾਂ ਵਾਕ ਕੇ। ਵਾਹਃ। ਇਸ ਪਦਕੋ। ਤ੍ਵੰ ਪਦ ਕਹਿਤੇਹੈਂ ਇਸਿ ਪ੍ਰਕਾਰਸੇ। ਵਾਹਃ। ਇਸਕਾ ਅਰਥ ਜੀਵਹੈ। ਇਸੀਵਾਸਤੇ। ਵਾਹਃ। ਇਸ ਪਦਕੀ ਚੇਤਨ ਮਾਤ੍ਰਮੇਂ ਲਖਣਾਹੈਂ। ਇਸ ਅਸਥਾਨਮੇਂ। ਗੁਰੂ। ਇਸਿ ਪਦਕਾ ਅਰਥ ਸਗੁਣ ਬ੍ਰਹਮਹੈ ਚੇਤੰਨਿ ਮਾਤ੍ਰਮੇਂ ਗੁਰੂ ਪਦਕੀ ਲਖਣਾਹੈ। ਵਾਹਗੁਰੂਮੇ ਅਸੀ

ਪਦਕਾ ਸੂਚਨ ਨਹੀਹੈ। ਸੋ ਅਸੀ ਯਿਹਕ੍ਰਿਆ ਪਦਹੈ। ਸੋਕ੍ਰਿਆ ਪਦ। ਦੋਨੋ ਪਦੋਕੇ ਦੋਨੋ ਅਰਥੋਕਾ ਅਭੇਦ ਵੋਧਨ ਕਰਤਾਹੈ। ਹਰੇਕ ਗ੍ਰੰਥਕੇ ਵੀਚਮੇਂ ਨਿਯਮਹੈ ਕ੍ਰਿਆਕਾ ਅਧਿਆਹਾਰ ਹੋਤਾਹੈ ਸੋ ਇਸਿਲੀਏ। ਵਾਹਗੁਰੂ ਇਸਿ ਮਹਾਂਵਾਕਕੇ ਵੀਚਮੇ ਕ੍ਰਿਆਕਾ ਊਪਰਸੇ ਅਧਿਆਹਾਰ ਹੋਤਾਹੈ। ਅਸੀ। ਕ੍ਰਿਆਹੈ। ਸੋ ਅਸੀ ਕ੍ਰਿਆ ਭਾਵ ਅਭਾਵ। ਦੋਨੋ ਵਿਧੀਓ ਕਰਕੇ। ਅਸਤੀਸਰੂਪ ਬ੍ਰਹਮਕੀ ਸਤਾਮਾਤ੍ਰ ਕਾ ਅਭੇਦ ਰੂਪ ਕਰਕੇ। ਵੋਦਨ ਕਰਤੀਹੈ ਈਹਾਂ ਪ੍ਰਕਰਣ ਮੇ। ਚਿਦਾਭਾਸ ਮਿਥਿਆਹੈ। ਸਾਖੀਸਰੂਪ ਚੇਤਨਮੇ ਰਾਗ ਦੋਖਕੀ ਵਾਸਨਾਂਕਾ ਤੀਨੋ ਕਾਲਮੇ ਕਵੀਭੀ ਸੰਵੰਧ ਨਹੀਹੈ। ਇਸਿਰੀਤੀਸੇਂ ਵਾਹਗੁਰੂ ਇਸਿਮਹਾਂਵਾਕਕਾ ਅਰਥ ਸਾਖੀਚੇਤਨ ਬਿਆਪਕਚੇਤਨਹੈ ਇਨਿ ਦੋਨੋਂਅਰਥੋਂਕਾ ਅਸੀਇਸਿਪਦਕੇ ਅਰਥਨੇ ਵਾਹ: ਗੁਰੂ ਇਨਿਨੇਦੋਂਪਦੋਂ ਕਰਕੇ ਅਭੇਦ ਕਥਨਕਰਾਹੈ ਮੰਤ੍ਰਕੇਵੀਚਮੇਂ ਬਕਾਰ ਵਕਾਰ ਇਨਿਦੋਨੋਂਅਖਰੋਂਵਾਲੇ ਪਾਠਯਥਾਰਥਹੈਂ ਜੋਕ੍ਰਛਕ॥ ਵਿਦਿਆਗੁਰੂਮਤਕੀਮੇਂ ਨਿਸਿਚਾਕਰਕੇ ਵਿਚਾਰਕੋ ਕਰਣੇਵਾਲੇ ਪੁਰੂਖਹੈ ਉਨਿਕੋਪ੍ਰਤੀ ਗੁਰੂਮਤਕਾ ਯਥਾਰਥ ਸਿਧਾਂਤਮਿਲਤਾਹੈ ਕਿਉਕਿ ਜੋਵਿਚਾਰ ਧਾਤੂਪ੍ਰਤੇਪਦ-ਅਰਥਗਿਆਨ ਇਨਿਪਾਂਚੋਕਾਵਦਸਾਸਤ੍ਰਮੇਂਲਿਖਾਹੈ ॥ ਸੋਸਭੀਵਿਚਾਰ ਦੋਨੋਂਸ੍ਰੀਗੁਰੂਗ੍ਰੰਥਸਾਹਵਜੀਮੇਂ ਲਿਖਾਹੈ॥ ਸ੍ਰੀਗੁਰੂਗ੍ਰੰਥਸਾਹਵਜੀ ਸ੍ਰੁਤੇਪ੍ਰਮਾਣਹੈ॥

ਇਤੀਸ੍ਰੀਵਾਹਗੁਰੂ ਮਹਾਵਾਕ ਬਿਆਖਿਆ ਸਮਾਪਤਃ॥੧੩॥

ਓਂ ਪਰਬ੍ਰਹਮਣੇ ਨਮਃ ॥

ਇਸਿਪਖਮੇਂ ਵਾਹਗੁਰੂ ਇਸਿਮੰਤ੍ਰਕੇ ਵਿਚਾਰਕੋ ਅੰਗੀਕਾਰਕਰਕੇ ਪੂਰਵਪਖੀਕੀ ਆਸੰਕਾਕੇ ਉਤ੍ਰਕੇਵਾਸਤੇ ਧਾਤੂਪ੍ਰਤਿਓਂਕੇ ਵਿਭਾਗੋਂਕਰਕੇ ਮੰਤ੍ਰਕੇ ਅਰਥੋਂਕਾ ਨਿਰੂਪਣ ਕਰਤੇਹੈਂ ਅਵਲਮੇਂ ਮੰਤ੍ਰਕੇਵਾਪਦਕਾ ਵਿਚਾਰਨਿਰੂਪਣ ਕਰਤੇਹੈ। ਬਕਾਰ ਵਕਾਰ ਇਨਿਦੋਨੋਂਪਾਠੋਂਕੇ ਅੰਗੀਕਾਰ ਕਰਕੇ॥ ਤਥਾਹੀ ਜੈਸੇਕਿਬਸਤ੍ਰ ਬਣਨੇਂਕੇਵੀਚਮੇਂ ਸੂਤਕਾ ਤਾਂਣਾਂਪੇਟਾਹੋਤਾਹੈ॥ਐਸੇਹੀ ਸਵਦ ਪਦਵਾਕਮੇਂਭੀ ਵਿਚਾਰਹੈ ਜੈਸੇਅੰਦਰ ਸਰੀਰਕੇ ਪਰਮੇਸ੍ਵਰਨੇ ਅਸਥਾਨਜੋ ਰਚੇਹੂਏਹੈਂ ਅਪਣੇ ਗਿਆਨ ਇਛਾਕ੍ਰਿਤੀ ਇਨਿਤੀਨੋਂਕਰਕੇ ਉਨਿ ਅਸਥਾਨੋਂਮੇਂ ਅਨੇਕਪ੍ਰਕਾਰੋਂਕੇ ਪਦਵਾਕਸਵਦ ਪੈਦਾਹੋਤੇਹੈਂ ਇਨਿਤੀਨੋਂਕੇਪ੍ਰਤੀ ਈਸ੍ਵਰਕੇ ਗਿਆਨ ਇਛਾ ਕ੍ਰਿਤੀ ਯਿਹਿਤੀਨੋਂ ਤਾਣਾਂਪੇਟਾਹੈ। ਇਸਿਵਿਚਾਰਸੇਂ ਵਾਹਗੁਰੂ ਸਤਿਨਾਮ ਯਿਹਿਦੋਨੋਂ ਪ੍ਰਮੇਸ਼੍ਵਰ ਕਰਕੇ ਰਚੇਹੂਏ ਮੰਤ੍ਰਹੈ। ਇਸਿਵਾਸਤੇ ਇਨਿਮੰਤ੍ਰੋਂਮੇਂ ਧਾਤੂ ਪ੍ਰਤੇ ਪਦ ਪਦਾਰਥ ਗਿਆਨ ਇਨਿਪਾਚੋਂਕੀ॥ ਬਿਵਸਥਾ ਸਮੀਚੀਨਹੈ। ਯਿਹ ਈਸ਼੍ਵਰ ਕੁਦਰਤਿਸੇਂ ਸਿਧਾਂਤ ਸ੍ਰੀਦਸਗੁਰੂਜੀਕਾ ਦੋਨੋਂਸ੍ਰੀ ਗੁਰੂਗ੍ਰੰਥ ਸਾਹਵਜੀਮੇਂ ਪ੍ਰਸਿਧਹੀਹੈ॥ ਅਵ ਜੀਵੋਂਕੀ ਸ੍ਰਿਸਟੀਕੇਵੀਚਮੇਂ ਜੀਵੋਂਨੇਜੈਸੇ ਵੇਦਾਂਸ਼ਾਸਤ੍ਰਾਂ

ਕੇਵੀਚਮੇਂ ਜੈਸੇਮੰਤ੍ ਕਥਨਕਰੇਹੈ ਗਾਇਤ੍ਰੀ ਓਂਸੇਆਦਲੇ
ਕਰਕੇ ਵੋਹੀਵਿਚਾਰ ਵਾਹਗੁਰੂ ਇਸਮੰਤ੍ਰਮੇਂਭੀ ਨਿਰੂਪਣ
ਕਰਤੇਹੈ ਤਥਾਹੀ ਵਸਨਿਵਾਸੇ ਬਸ ਆਛਾਦਨੇ ਯਿਹਦੋਧਾਤੂਹੈ
ਇਨਿਦੋਨੋਂਧਾਤੂਕਾ ਵਾਹਗੁਰੂ ਬਾਹਗੁਰੂ ਵਕਾਰ ਬਕਾਰ ਇਨ
ਦੋਨੋਂ ਅਖਰੋਂਵਾਲਾ ਇਸਮੰਤ੍ਰਕਾ ਪਾਠਬਣਜਾਤਾਹੈ ਔਰਭੀ
ਇਨਦੋਨੋਂ ਅਖਰੋਂਵਾਲੀ ਬਹੁਤਧਾਤੂਹੈਂ ਸੋਇਸਵਿਚਾਰਕੋ
ਅੰਗੀਕਾਰਕਰਕੇ ਵਾਹਗੁਰੂ ਇਸਿਮੰਤ੍ਰਕੇ ਵਾਃ ਇਸਪਦਕਾ
ਔਰ ਇਸਕੇ ਅਰਥ ਕਾ ਵਿਚਾਰਕਰਤੇਹੈਂ ਤਥਾਹੀ ਵਾਗਤੀ
ਗੰਧਨਿਓਇਸਕਾਵਿਚਾਰਯਿਹਹੈਵਾਇਸਧਾਤੂਕੇਚਾਰਅਰਥਹੈ
ਗਿਆਨ ਗਮਨ ਪ੍ਰਾਪਤੀ ਸੂਚਨ ਇਸਧਾਤੂਸੇਂ ਪਰੇਪ੍ਰਤੇਹੋਤਾਹੈ
ਬਿਆਕਰਣਕੀਰੀਤੀਕਰਕੇ ਉਸਿਪ੍ਰਤੇਕਾਅਰਥ ਜੋਕਹਿਤੇਹੈਂ
ਉਸਿਅਰਥਕਾ ਸੰਬੰਧ ਧਾਤੂਕੇਚਾਰੋਂ ਅਰਥੋਂਕੇ ਸਾਥਹੈ ਧਾਤੂਕੇ
ਅਰਥਕੋ ਸਵਦਕਾ ਤਾਂਣਾਂਕਹਾਜਾਤਾਹੈ ਪ੍ਰਤੇਕੇਅਰਥਕੋ ਸਵਦ
ਕੀ ਸਿਧੀਕੇਵਾਸਤੇ ਪੇਟਾਕਹਾਜਾਤਾਹੈ ਸੋਦੋਨੋਂ ਧਾਤੂਪ੍ਰਤੇ ਮਿਲ
ਜਾਤੇਂਸੇਂ ਪਦਬਨਾਕਰਕੇ ਅਰਥੋਂਕੋ ਪ੍ਰਗਟਕਰਤੇਹੈਂ ਇਸ
ਰੀਤੀਸੇਂ ਮੰਤ੍ਰਕਾ ਵਾਃ ਯਿਹਪਦ ਸਿਧਿਹੈ ॥ ਚਾਰਇਸਿਕੇ
ਉਕਤਅਰਥਹੈ ਜੀਵਸ੍ਰਿਟੀਮੇਂ ਇਸਿਪ੍ਰਕਾਰਸੇਂ ਮੰਤ੍ਰਕੇ
ਵਾਃ ਇਸਿਅਖਰਕਾ ਯਿਹਵਿਚਾਰਹੈ ਇਸਿਆਦਕੇ ਅਖਰ
ਮੇਂ ਨਿਆਇ ਬਿਆਕਰਣ ਇਨਿਦੋਮਤਕੇ ਭੇਦਕਰਕੇ
ਤੀਨਪਦਹੈਂ ਧਾਤੂਪ੍ਰਤੇ ਇਨਿਦੋਨੋਂਕੇ ਦੋਰੂਪਹੈਂ ਏਕ ਪ੍ਰਤੇਕਾ
ਅਰਥਹੈ ਉਕਤ ਵਿਚਾਰਸੇਂ ਵਾਇਸਿ ਅਰਥਮੇਂ ਤੇਰਾਂ ਪ੍ਰਕਾਰ

ਸੋਂ ਸਾਮੱਗ੍ਰੀਹੈ ਪੂਰਵ ਪਖਕੇ ਕਰਣੇਵਾਲੇਕੋ ਮੰਤ੍ਰਕੇ ਆਦੀਵਾ ਇਸਿਅਰਥਮੇਂ ਏਕਭੀ ਪਦਅਰਥ ਪ੍ਰਤੀਤ ਨਹੀਂ ਹੋਤਾਥਾ ਇਸਿਪ੍ਰਕਾਰਸੇਂ ਵਾਪਦਕਾ ਨਿਰੂਪਣ ਜੈਸੇਹੈ ਐਸੇਹੀ ਮੰਤ੍ਰਕੇ ਹਕਾਰ ਗੁਕਾਰ ਰੁਕਾਰ ਇਨਿਤੀਨੋਂ ਅਖਰੋਂਕਾ ਨਿਰੂਪਣ ਕਰਤੇਹੈਂ ਵਾਪਦਕਾ ਅਰਥ ਮੰਤ੍ਰਮੇਂ ਪੂਰਣਗਿਆਨ ਸਰੂਪਹੈ ਪੂਰਣਗਿਆਨ ਵਾਲਾਹੈ ਹਕਾਰ ਅਖਰਕਾ ਅਰਥ ਵਿਸੇਖ ਗਿਆਨਵਾਲਾਹੈ ਇਸਿਰੀਤੀਸੇਂ ਨਿਰਗੁਣ ਬ੍ਰਹਮ ਸਗੁਣ ਵਿਰਾਟਬ੍ਰਹਮ ਬ੍ਰਹਮਨੇਸਠੀ ਬ੍ਰਹਮਸ੍ਰੋਤ੍ਰੀਗੁਰੂ ਮੰਤ੍ਰਕੇਅਖਰੋਂਕਾ ਪ੍ਰਸਿਧਿਅਰਥਹੈ ਜੈਸੇ ਉਕਤ ਵਾਪਦਕਾਅਰਥਹੈ ਐਸੇਹੀ ਹ੍ਰਿਵਧਾਤੂਕੇ ਵਿਚਾਰਸੇਂ ਉਸੀਪ੍ਰਕਾਰਸੇਂ ਮੰਤ੍ਰਮੇਂ ਹਕਾਰ ਪਦਕੀ ਸਿਧੀਹੈ ਧਾਤੂ ਅਰਥ ਪ੍ਰਤੇ ਅਰਥ ਤੀਨਪਦਤੀਨ ਅਰਥਹੈਂ ਯਿਹਦਸਪ੍ਰਕਾਰਕੀ ਸਾਮਗ੍ਰੀ ਮੰਤ੍ਰਕੇ ਹਕਾਰ ਇਸਿਅਖਰਮੇਂਹੈ ਇਸੀਪ੍ਰਕਾਰਸੇਂ ਮੰਤ੍ਰਕੇ ਗੁ ਪਦਕਾ ਵਿਚਾਰਹੈ ਤਥਾਹੀ ਗ੍ਰੀ ਧਾਤੂਕਾ ਅਰਥ ਅ ਗਿਆਨਕੀ ਨਿਵਿਰਤੀਹੈ ਗ੍ਰੀਧਾਤੂਸੇਂ ਪਰੇਜੋ ਪ੍ਰਤੇਹੈਉਸ ਪ੍ਰਤੇਕਾ ਅਰਥ ਅਗਿਆਨਕੀ ਨਿਵਿਰਤੀਕਰਣੇ ਵਾਲਾਹੈ। ਐਸੇ ਅਰਥੋਂਕੀ ਵਿਵਖਿਆਸੇਂ ਮੰਤ੍ਰਕਾ ਤੀਸਰਾ ਗੁ ਪਦ ਸਿਧਿਹੈ। ਇਸ ਗੁਪਦਮੇਂ। ਸਾਮਗ੍ਰੀ ਦਿਖਲਾਤੇਹੈ। ਗ੍ਰੀਧਾਤੂ ੧ ਨਿਵਿਰਤੀ ਅਰਥ ੨ ਉ ਪ੍ਰਤੇ ੩ ਅਗਿਆਨਕੀ। ਨਿਵਿਰਤੀ ਕਰਣੇ ਵਾਲਾ। ਪ੍ਰਤੇਕਾ ਅਰਥਹੈ ੪। ਬਿਆਕਰਣਕੀ ਰੀਤੀ ਕਰਕੇ ਮੰਤ੍ਰਕੇ ਗੁ ਸਵਦਮੇਂ ਏਕ ਪਦਹੈ ਨ੍ਯਿਆਇ ਰੀਤੀਸੇਂ

ਦੋਪਦਹੈ। ਦੋਨੋਂ ਮਤੋਂਮੇਂ ਤੀਨ ਅਰਥਹੈ। ਇਸਿ ਉਕਤ ਰੀਤੀਸੇ। ਗੁ ਸਬਦਮੇਂ ਦਸ ਪ੍ਰਕਾਰਕੀ ਸਾਮਗ੍ਰੀਹੈ। ਐਸੇਹੀ ਮੰਤ੍ਰਕੇ ਰੂ ਪਦਮੇਂਭੀ ਯਿਹੀ ਉਕਤ ਬਿਵਸਥਾਹੈ। ਰੂ ਧਾਤੂਕਾ ਸਬਦ ਸਫੋਟ ਬ੍ਰਹਮ ਅਰਥਹੈ। ਪ੍ਰਤੇਕਾਭੀ ਇਸਿ ਅਸਥਲ ਮੇਂ ਪੂਰਵ ਪ੍ਰਕਾਰਸੇਂਹੀ ਅਰਥਹੈ ਸਫੋਟ ਵਿਰਤੀ ਪ੍ਰਤੀਫਲਿਤ ਚੇਤਨਕੋ ਕਹਿਤੇਹੈ। ਇਸਿਵਿਚਾਰਕੋ ਉਕਤ ਰੀਤੀਸੇਂ ਅੰਗੀਕਾਰ ਕਰਕੇ ਫਲਿਤ ਅਰਥਕਾ ਪ੍ਰਦਰਸਨ ਕਰਤੇਹੈ। ਤਥਾਹੀ। ਸੋਮੰਤ੍ਰਕੀ ਪ੍ਰਕ੍ਰਿਆ ਯਿਹਹੈ। ਵਾਃ ਹਃ ਗੁਃ ਰੂਃ॥ ਇਨਿਕਾ ਅਰਥ। ਪੂਰਣ ਗਿਆਨਵਾਲਾ ਵਿਸੇਸ ਗਿਆਨ ਵਾਲਾ ਅਗਿਆਨਕੇ ਦੂਰ ਕਰਣੇਵਾਲਾ ਵਿਰਤੀ ਪ੍ਰਤੀਫਲਿਤ ਸਫੋਟ ਬ੍ਰਹਮਹੈ। ਵਾਹਗੁਰੂ। ਇਸਿ ਮੰਤ੍ਰਮੇਂ ਜੋ ਚਾਰਪਦਹੈ ਉਨਿਚਾਰੋਂ ਪਦੋਂਕੇ ਕ੍ਰਮਸੇਂ ਯਿਹ ਉਕਤਚਾਰ ਅਰਥਹੈ। ਚਾਰੋਂਹੀ ਅਰਥੋਂਕਾ ਪਰਸਪਰ ਅਭੇਦ ਏਕ ਸਰੂਪਹੈ। ਪੂਰਵਪੂਰਵ ਅਰਥਕਾ ਕ੍ਰਮਸੇਂ ਉਤ੍ਰਉਤ੍ਰਕੇ ਅਰਥਕੇਵੀਚਮੇਂ ਅਨੁਏਹੈ ਚਾਰੋਂਪਦੋਂਕੇ ਆਪਸਮੇਂ ਕਰਮਧਾਰੇ ਤੀਨਸਮਾਸਹੈ ਤਬ ਵਾਹਗੁਰੂ ਯਿਹਏਕਪਦਬਨਿਗਿਆਹੈ ਸਾਬਦਗਿਆਨ ਕਾ ਪ੍ਰਕਾਰਮੰਤ੍ਰਮੇਂਦਿਖਿਲਾਤੇਹੈਂ ਸਮਾਨਪੂਰਣ ਗਿਆਨ ਵਾਲੇਸੇਂ ਅਭਿੰਨਹੈ ਵਿਸੇਖਗਿਆਨਵਾਲਾ ਵਿਸੇਖਗਿਆਨ ਵਾਲੇਸੇਂ ਅਭਿੰਨਹੈ ਅਗਿਆਨਕੀ ਨਿਵਿਰਤੀ ਕਰਣੇਵਾਲਾ ਅਗਿਆਨਕੀ ਨਿਵਿਰਤੀ ਕਰਣੇ ਵਾਲੇਸੇਂ ਅਭਿੰਨਹੈ ਸਾਖੀ ਸਰੂਪਸਫੋਟ ਵਿਰਤੀ ਪ੍ਰਤੀਫਲਿਤ ਬ੍ਰਹਮਚੇਤਨ ਯਿਹ

ਵਾਹਗੁਰੂ ਪਦਾਰਥਮੇਂ ਸਾਬਦਗਿਆਨਕਾ ਸਰੂਪਹੈ
ਇਸਿਸਾਬਦਗਿਆਨਕੇ ਆਕਾਰਕੇਵੀਚ ਤੀਨਪਦੋਂਕਾਅਰਥ
ਉਤ੍ਰਉਤ੍ਰਮੇਂ ਵਿਸ਼ੇਖਣਹੈ ਰੁ ਪਦਕਾਅਰਥ ਸਭੀਅਰਥੋਂਕੀ
ਅਪੇਖਿਆਸੇਂ ਵਿਸ਼ੇਖਰੂਪਹੈ ਇਸਿਪਖਿਮੇਂ ਵਾਹਗੁਰੂ ਇਸਿ
ਮੰਤ੍ਰਕੇਵੀਚ ਨਿਆਇਬਿਆਕਰਣਕੀ ਰੀਤੀਕਰਕੇ
ਇਕੀਪਦਹੈ ਮੰਤ੍ਰਮੇਂਇਕੀਹੀ ਉਨਿਪਦੋਂਕੇ ਅਰਥਹੈ
ਸਕਤੀਮਤਪਦੰ ਵਿਭਗਤੀਤਿਫ ਅੰਤਪਦੰ ਇਨਿਦੋਨੋਂ
ਭੇਦੋਂਕਰਕੇ ਏਕਕਮ ਚਾਲੀਪ੍ਰਕਾਰਸੇਂ ਵਿਭਗਤੀਕੇ ਸਰੂਪ
ਕਰਕੇ ਅਵਾਂਤਰ ਪ੍ਰਤਿਓਂਕੇਭੇਦਹੈ ਉਨਿਕੇਵੀਚਸੇਂ ਏਕ
ਕੋਈਕ ਜਿਸਿਸਬਦਕੇ ਅੰਤਮੇਂਹੋਵੇ ਉਸਿਸਮੁਦਾਇ ਸਰੂਪ
ਸਬਦਕੋ ਪਦਕਹਾਜਾਤਾਹੈ ਇਸਿਪ੍ਰਕਾਰਸੇਂ ਪੂਰਵਪਖੀਕੇ
ਦੂਖਣੋਂਕੀਮੰਤ੍ਰਕੇਵੀਚਸੇਂ ਨਿਵਿਰਤੀਕਾ ਖਿਲਾਨਾਪ੍ਰਸਿਧਿਹੀਹੈ
ਪੂਰਵਪਖੀਨੇ ਕਥਨ ਕੀਆਥਾ ਧਾਤੂ ਪ੍ਰਤੇ ਪਦਅਰਥਗਿਆਨ
ਇਨਿਪਾਂਚਮੇਂਸੇਂ ਵਾਹਗੁਰੂ ਇਸਿ ਮੰਤ੍ਰਕੇਵੀਚ ਏਕਭੀਨਹੀਹੈ
ਸੋਕੈਈਮੁਤਕ ਰੀਤੀਕੋਅੰਗੀਕਾਰਕਰਕੇ ਉਤ੍ਰਦੀਏਹੈਂ ਕੈਮੁ-
ਤਕ ਉਸਿਕੋ ਕਹਾਜਾਤਾਹੈ ਜਿਸਿਵਾਯੂਨੇਂ ਸੁਮੇਰਪਰਬਤ
ਉਡਾਦੀਆਹੈ ਰੂੰਈਤੋਂ ਉਸਵਾਯੂਕੇ ਆਗੇ ਤੀਨਕਾਲਭੀ ਨਹੀਂ
ਠਹਿਰ ਸਕਤੀ। ਐਸੇਹੀ ਦਾਰਸਟਾਂਤਮੇਂ ਦਿਖਿਲਾਤੇਹੈਂ ।
ਜਿਸਿ ਵਾਹਗੁਰੂ ਮੰਤ੍ਰਕੇਵੀਚ ਏਕਅਰਥਭੀ ਨਜਰਨਹੀ ਆਤਾ
ਰਹਾ। ਸੋਇਸਿ ਪਖਕੇ ਵੀਚ । ਮੰਤ੍ਰਮੇਂ ਦੋਊਪਰ ਅਸੀ
ਵਿਚਾਰ ਨਿਰੂਪਣਕਰੇਹੈ। ਫਲਿਤਾ ਅਰਥ ਯਿਹਹੈ। ਇਸ

ਪਖਮੇਂ ਨਿਯਮ ਕਰਕੇ ਧਾਤੂ ਪ੍ਰਤੇਪਦ ਅਰਥ ਗਿਆਨ ਜਿਹਿਪਾਚੋਂ ਬਿਆਸੀ ਪ੍ਰਕਾਰਕੇ ਭੇਦੋਂ ਕਰਕੇ ਪੂਰਵਮੇਂ ਨਿਰੂਪਣ ਕਰਦੀਏਹੈ ॥

ਇਤੀਸ੍ਰੀ ਧਾਤੂਪ੍ਰਤੇ ਪਦਅਰਥ ਗਿਆਨ ਵਾਹਗੁਰੂ ਮੰਤ੍ਰੇ ਬਿਆਸੀ ਭੇਦ ਵਿਚਾਰ ਸਮਾਪਤਃ ॥ ਅਲੰ॥ ੧੪ ॥

੧ ਓ ਪਰਬ੍ਰਹਮਣੇਨਮਃ ॥

ਅਥ ਬ੍ਰਹਮਾਵਿਸਨੁਸਿਵਗੁਰੂ ਅਭੇਦ ਪਖ ਵਿਰਚਿਤੇ ॥

ਗੁਰੁਰਬ੍ਰਹਮਾ ਗੁਰੂਰਵਿਸਨੂ ਗੁਰੂਗੋਵਿੰਦ ਦੋਨੋਖੜੇ। ਬ੍ਰਹਮ ਗਿਆਨੀਆਪ ਪਰਮੇਸ੍ਵਰ ਨਾਨਕ ਸਾਧਪ੍ਰਭੂ ਭੇਦਨਭਾਈ ਯਿਹ ਅਰਥ ਵਾਹਗੁਰੂ ਇਸਿ ਮੰਤ੍ਰਕੇ ਅਖਰੋਂਸੇਂ ਜੈਸੇਹੈ। ਸੋ ਵਿਚਾਰ ਨਿਰੂਪਣਕਰਤੇਹੈਂ । ਤਥਾਹੀ । ਮੰਤ੍ਰਕੇ ਵਾਹ ਇਸਿਪਦਕੇ ਦੋਭਾਗਹੈ ਇਸਿਲੀਏ ਵਾਇਸਿ ਪਦਵਿਚਾਰਮੇਂ ਬਿਵਸਥਾ ਯਿਹਹੈ ਵਸਧਾਤੂਕਾ ਅਰਥ ਸਰਵਕੇ ਵੀਚਮੇਂ ਪੂਰਣ ਹੋਕਰਕੇ ਬਸਣਾਂਹੈ ਉਸਿਧਾਤੂਕੋਪ੍ਰਤੇਕੀ ਪ੍ਰਕ੍ਰਿਤੀ ਭੀਕਹਿਤੇਹੈ ॥ ਸੋਉਸ ਪ੍ਰਕ੍ਰਿਤੀ ਪ੍ਰਤੇਦੋਨੋਂਕਾ ਮਿਲਕਰਕੇ ਵਾਪਦ ਬਨਤਾਹੈ ਔਰਵਕਾਰਾਦੀ ਬਕਾਰਾਦੀ ਅਨੇਕ ਧਾਤੂਕਾ ਯਿਹ ਪਦ ਬਨਤਾਹੈ । ਵਾਪਦਕਾ ਅਰਥਹੈ । ਸਰਵ ਨਿਵਾਸੀ ਬ੍ਰਹਮ । ਔਰ ਧਾਤੂਕੇ ਬਕਾਰਾਦੀਕਾ ਬਾਪਦਜੋਹੈ ਇਸਿਕਾਅਰਥ ਅੰਤਰਬਾਹਰ ਨੀਚੇਊਪਰ ਸਰਬ ਕੋਆਛਾਦਨ ਕਰਣੇਵਾਲਾ ਬ੍ਰਹਮਹੈ ਵੇਵਧਾਤੂਕਾਭੀ ਜੋਮੰਤ੍ਰਮੇਂ ਵਾਪਦਹੈ ਇਸਕਾਭੀਅਰਥ ਬ੍ਰਹਮਹੀਹੈਬਸਤ੍ਰਕੇਸਦ੍ਰਿਸਆਤਾ

ਨਬਿਤਾਨਰੂਪਕਰਕੇ ॥ ਓਤਪੋਤਰਵਿਆਰੂਪਰੰਗ ਵਾਪਦਕੀ
ਬਿਤਿਪਤੀਕਰਤੇਹੈ ਵਸਤੀਇਤੀਵਾਂ ਇਸਿ ਪ੍ਰਕਾਰਸੇਂ ਮੰਤ੍ਰਕੇ
ਵਾ ਪਦਕੀਸਿਧੀਹੈ ਹਰਤੀਇਤੀ ਹਃ ਟੀਤੀਇਤੀ ਹਃ ਇਸ
ਪ੍ਰਕਾਰਸੇ ਮੰਤ੍ਰਕੇ ਹਕਾਰ ਇਸਿਪਦਕੀ ਪ੍ਰਸਿਧੀਹੈ ਇਨਦੋਨੋ
ਪਦੋਂਕਾਸਮਸ ਸਹੋਣੇਕਰਕੇਮੰਤ੍ਰਮੇਂਵਹਪਦਬਨਜਾਤਾਹੈਫਿਰਿ
ਵਹਪਦਸੇਂ ਅਣਪ੍ਰਤੇ ਹੋਣੇਸੇਂ ਵਾਹ ਯਿਹਪਦ ਵਾਹਗੁਰੂ ਇਸਿ
ਮੰਤ੍ਰਕੇਵੀਚਮੇਂ ਪ੍ਰਸਿਧਿਭਇਆਹੈ ਨਿਆਇ ਬਿਆਕਰਣਕੀ
ਰੀਤੀਕਰਕੇ॥ਇਸਪਖਮੇਂਵਾਹਪਦਕੇ ਪਾਂਚਅਰਥਹੈਂ ਕ੍ਰਿਆਕੇ
ਭੇਦਸੇਂ ਏਕਹੀਸਰਗੁਣਵਿਰਾਟ ਉਤਪਤੀ ਇਸਿਥਿਤੀ ਪ੍ਰਲੈ
ਵ੍ਰਿਸਟੀ ਦਿਨਰਾਤਕੋ ਬਨਾਤਾਹੈ ਸੋਬ੍ਰਹਮਾ ਵਿਸਨ ਸਿਵ ਇੰਦ੍ਰ
ਸੂਰਯ ਯਿਹਪਾਂਚੋਂ ਅਰਥ ਵਾਹਗੁਰੂ ਇਸਿਮੰਤ੍ਰਕੇ ਵਾਹਃ ਇਸ
ਪਦਕੇਹੀਹੈਂ ਇਸਿਪ੍ਰਕਾਰਸੇਂ ਮੰਤ੍ਰਕੇ ਵਾਹਃ ਇਸਿਪਦਕੇ
ਬਿਆਪਕ ਉਕਤਪਾਂਚਅਰਥ ਵਿਰਾਟਕਾਹੀਸਰੂਪਹੈਂ ਐਸੇ
ਵਿਰਾਟ ਸਰੂਪਮੇਂਹੀ ਲਖਆਕਾਸਂਆਕਾਸ ਯਿਹਗੁਰੂ-
ਗ੍ਰੰਥਜੀਕੇਵੀਚ ਨਿਰੂਪਣਹੈ । ਗਗਨਮੈਂ ਥਾਲਰਵਚੰਦ
ਦੀਪਕਬਨੇ ਯਿਹਭੀਕਥਨ ਉਕਤ ਵਿਚਾਰਮੇਂ ਯਥਾਰਥ
ਸਮੰਨ੍ਰਿਤਿਹੈ । ਸਹਸ੍ਰਸੀਰਸਾ ਗ੍ਰੰਥਮੇਂਭੀ । ਸਹਸ੍ਰਪਾਦ
ਸਹਸ੍ਰਅਖ੍ਯ ਸਹਸ੍ਰਜਿਹਵਾ ਯਿਹ ਵਿਰਾਟਕਾਸਰੂਪਹੈ ।
ਯਿਹੀਸਹਸ੍ਰਸੀਰਸਾ ਵਾਹਗੁਰੂਮੰਤ੍ਰਕੇ ਵਾਹ । ਇਸਿਪਦਕਾ
ਅਰਥਹੈ ਇਸਿ ਪਖਮੇਂ। ਗੁਰੂ ਇਸਿਪਦਕਾ ਅਰਥਭੀ
ਸਗੁਣ ਬ੍ਰਹਮਹੀ ਪ੍ਰਸਿਧਹੈ ਵਿਰਾਟਸਰੂਪਸੇਂ ਏਕਰੂਪ

ਹੋਨੇਕਰਕੇ। ਇਸਿਪਖਮੇਂ ਵਾਹਗੁਰੂ ਮੰਤ੍ਰਕੇਵੀਚ ਆਠਾਰਾਂ ਪ੍ਰਕਾਰਕਾਪਦਹੈ । ਛਠੀਪ੍ਰਕਾਰਸੇਂਪਦਅਰਥ ਗਿਆਨਕਾ ਸਰੂਪਹੈ॥ ਇਤੀਸ੍ਰੀਵਿਰਾਟਗੁਰੂਅਭੇਦ:॥੧੫॥

ਸੰਤ ਹਰਨਾਮਸਿੰਘ

ੴ ਪਰਬ੍ਰਹਮਣੇ ਨਮ:॥

ਅਵਨਵੀਨ ਪ੍ਰਕਾਰਸੇਂ ਭੇਦ ਘਟਤਬਿਆਪਕ ਪਖਕਾ ਵਾਹਗੁਰੂਮੰਤ੍ਰਮੇਂ ਵਿਚਾਰਕਰਤੇਹੈਂ ਤਥਾਹਿ ਜੋਮੰਤ੍ਰਕਾਅਰਥ ਵਿਰਾਟ ਪਾਂਚ ਪ੍ਰਕਾਰਸੇਂ ਕਥਨਕੀਆਹੈ। ਉਸੀ ਭੇਦਸੇਂ ਉਪਾਸਨਾ ਵਾਹਗੁਰੂ ਮੰਤ੍ਰਕੇਅਰਥਮੇਂ ਯਥਾਰਥਹੈ। ਇਸੀ ਵਿਚਾਰਕੋ ਸਪਸਟ ਕਰਤੇਹੈਂ। ਵਿਰਾਟ ਰੂਪਬ੍ਰਹਮਾ ਸਰਵਅਸਥਾਨੋਂਮੇ ਵਿਆਪਕਹੋਕਰਕੇ ਏਕਖਿਣਮਾਤ੍ਰਮੇਂਹੀ ਚਾਰੋਂਖਾਂਣੀ ਸ੍ਰਿਸਿਟੀਕੀਰਚਨਾਂਕੋਕਰਤਾਹੈ। ਐਸੇਹੀ ਵੋਹੀ ਵਿਰਾਟਰੂਪ ਵਿਸਨਹੋਣੇ ਕਰਕੇ ਏਕਖਿਣਮਾਤ੍ਰਕੇਵੀਚ ਸਤੋ ਪ੍ਰਧਾਨਸਗੁਣ ਸਰੂਪਮੇਂ ਲੋਖੇਂਆਕਾਸੇਂਪਾਤਾਲੋਕੇ ਚਾਰੋਂਖਾਣੀਕੀ ਪਾਲਨਾਕਰਤਾਹੈ। ਇਸਿ ਉਕਤ ਪ੍ਰਕਾਰਸੇਂ ਸਿਵਹੋਕਰਕੇ ਪਰਲੈ ਕਰਤਾਹੈ ਐਸੇਹੀਸੂਰਯਰੂਪ ਕੁਦਰਤਕਰਕੇ ਦਿਨਰਾਤਕੇ ਭੇਦਕੋ ਬਨਾਕਰਕੇ ਵਿਰਾਟਪਰਮੇਸ੍ਵਰ ਚਾਰੋਂਖਾਣੀ ਸ੍ਰਿਸਟੀਕੀ ਰਚਨਾਂਕੋ ਸਤਾਦੇਕਰਕੇਧਾਰਣ ਕਰਤਾਹੈ ਵਰਖਾਸੇਂ ਆਦਲੇਕਰਸਭੀ ਬਿਵਹਾਰੋਂਮੇਂ ਇਸੀਪ੍ਰਕਾਰਸੇਂ ਵਿਚਾਰਸਗੁਣ ਬ੍ਰਹਮਕੇ ਵੀਚਹੈ ਯਿਹਉਕਤਚਾਰਜੋ ਵਿਰਾਟਕੇਸਰੂਪਹੈ ਯਿਹੀਵਾਹਗੁਰੂ

ਇਸਿ ਮੰਤ੍ਰਕਾ ਸਮੀਚੀਨ ਅਰਥਹੈ ਅਸੰਭਾਵਨਾ ਸੰਸੇਵਿਪਰਯੇ ਰੂਪ ਭ੍ਰਮਸੇ ਰਹਿਤ ਐਸੇ ਚਾਰਸਰੂਪ ਵਿਰਾਟਕੇਜੋਹੈਂ ਯਿਹੀ ਉਪਾਸਨਾਕਾਵਿਖੇਹੈ ਇਨਕਾਹੀ ਵ੍ਰਧੀਕਰਕੇ ਅੰਦਰਮੇਂ ਅਭਿਆਸ ਕਰਾਜਾਤਾਹੈ ਇਨਚਾਰੋਂ ਅਰਥੋਂਕੋ ਵਾਹਗੁਰੂ ਇਸ ਮੰਤ੍ਰਕਾਅਰਥਸਰੂਪ ਭਗਵਾਨਕਹਿਤੇਹੈਂ ਛੇਭਗਵਾਲਾਹੋਨੇਸੇਂ ਸੋ ਛੇ ਭਗਯਿਹਹੈਂ ਉਤਪਤੀ ੧ ਇਸਥਿਤੀ ੨ ਸੰਘਾਰ ੩ ਪ੍ਰੇਰਣਾ ੪ ਬਿਅੰਤ ੫ ਅਸੰਗ ੬ ਇਸਛੇਸਾਮਰਥਵਾਲੇਕੋ ਭਗਵਾਨਕਹਿਤੇਹੈਂ ਸੋਭਗਵਾਨ ਪ੍ਰੇਰਣਾਂ ਅਸੰਗ ਬਿਅੰਤ ਇਨਿਤੀਨਸਰੂਪਸੇਂ ਅਧਿਸ਼ਿਠਾਨਸੁਧਕਹਾਜਾਤਾਹੈ। ਉਤਪਤੀ ੧ ਇਸਥਿਤੀ ੨ ਪਰਲੈ ੩ ਰਜੋਸਤੋਤਮੋ ੩ ਇਨਛੇਕਰਕੇ ਯੁਗਤਹੋਨੇਸੇਂ ਮਾਇਆਵਿਸ਼ਿਸ਼ਟ ਸਗੁਣਵਿਰਾਟਬ੍ਰਹਮਕੋ ਭਗਵਾਨਕਹਾਜਾਤਾਹੈ ਸੋਐਸੀ ਮਾਇਆਕੋਭਗਵਤੀ ਕਹਾ ਜਾਤਾਹੈ ਸੋਯਿਹਐਸੀਭਗਵਤੀ ਵਾਹਗੁਰੂਮੰਤ੍ਰਕਾ ਅਰਥਹੈਸੋ ਐਸੇਵਾਹਗੁਰੂ ਮੰਤ੍ਰਕੇਜਾਪਕੋਅੰਗੀਕਾਰਕਰਕੈ ਐਸੀਭਗਵਤੀ ਕੀ ਦਸਮੇਂਪਾਤਸ਼ਾਹਜੀਨੇਂ ਉਪਾਸਨਾ ਹੇਮਕੁੰਡਪਰਵਤਕੇ ਵੀਚਕਰੀਹੈ॥ ਸੋਗੁਰੂਗ੍ਰੰਥਜੀਕੇਵੀਚਸਪਸਟਹੀ ਲਿਖਿਆਹੈ ਇਸਿ ਉਕਤ ਵਿਚਾਰਸੇਂ ਵਾਹਗੁਰੂ ਮੰਤ੍ਰਕਾ ਅਰਥ ਜੋਯਿਹ ਪਾਂਚਹੈ ਯਿਹੀ ਉਪਾਸਨਾਂ ਵਿਖੇਹੈ ਯਿਹੀ ਚਾਰ ਪ੍ਰਕਾਰ ਕੀਮੁਕਤਕਾ ਸਰੂਪਹੈ। ਵਾਹਗੁਰੂਮੰਤ੍ਰਕੇ ਇਸਿਵਿਰਾਟਸਰੂਪ ਅਰਥਮੇਂ। ਵਿਸ਼ਿਸ਼ਟਾ ਅਦੁਐਤ ਮਤਵਾਲੇ ਉਪਾਸਨਾਂ ਕਰਤੇਹੈ॥ ਸ੍ਰੀਵੈਸਨਵ ਆਚਾਰੀਜਿਨਿਕੋ ਕਹਿਤੇਹੈ। ਔਰ

ਭੇਦ ਸਹਿਸਨੂ ਅਭੇਦਮਤਵਾਲੇਜੋਹੈ ਰਾਮਾਨੰਦਜੀ ਉਨਕਾਭੀ ਇਸੀਅਰਥਕੇਵੀਚ ਪਰਯਵਸਾਨਹੈਂ ॥ ਭੇਦ ਘਟਤਿ ਬਿਆਪਕਕਾ ॥ ਅਰਥਕਰਤੇਹੈਂ ਜੈਸੇ ਅੰਗਾਂਵਾਲੇਕੇਵੀਚਮੇਂ ਅਪਣੇ ਪਰਸਪਰਅੰਗੋਂਕਾ ਭੇਦਬਹੁਤ ਪ੍ਰਕਾਰਸੇਂਹੈ। ਐਸੇਹੀਵਿਰਾਟ ਕੇਸਰੂਪਵੀਚ ਨਾਨਾਪ੍ਰਕਾਰਕੀ ਰਚਨਾਹੈ ਸੋ.ਐਸੀਰਚਨਾ ਵਿਸ਼ਿਸ਼ਟ ਹੋਕਰਕੇ ਜੋਬਿਆਪਕਹੋਵੇ ਉਸਕੋ ਭੇਦਘਟਿਤ ਬਿਆਪਕ ਕਹਿਤੇਹੈ ਇਸਿਪ੍ਰਕਾਰਸੇਂ ਭੇਦਘਟਤਿ ਬਿਆਪਕ ਵਾਹਗੁਰੂਕੇ ਅਰਥ। ਵਿਰਾਟਸਰੂਪ ਸਗੁਣ ਬ੍ਰਹਮਕਾਵਿਚਾਰ ਪ੍ਰਸਿਧਿਹੀਹੈ ॥ ਔਰ ਸਹਸ੍ਰਸੀਰਸਾਕਾਭੀ ਯਿਹੀ ਅਰਥਹੈ। ਇਸਿਪਖਮੇਂ ਪੂਰਵਕੀਰੀਤੀਸੇਂ ਜੈਸਾਹੀ ਪਦਅਰਥਕਾ ਵਿਚਾਰਹੈ ਸੋਪਦਅਰਥਦੋਨੋਂ ਇਸਿਪਖਕੇ ਵੀਚ ਵਾਹਗੁਰੂ ਇਸਿਮੰਤ੍ਰਮੇਂ ਛਤੀਪ੍ਰਕਾਰਸੇਂਹੈ। ਪਦੋਂਕਾਵਿਭਾਗ ਯਿਹਹੈ ॥ ਵ ਹ ਵਹ ਵਾਹ ਗੁਰੂ ਵਾਹਗੁਰੂ। ਇਸਿ ਪ੍ਰਕਾਰਸੇਂ ਮੰਤ੍ਰਕੀ ਬਿਵਸਥਾਹੈ ਤੀਨਹੀ ਮੰਤ੍ਰਮੇਂ ਸਮਾਸਹੈ ॥

ਇਤੀਸ੍ਰੀ ਭੇਦਘਟਤ ਬਿਆਪਕਪਖੇ ਬਿਰਾਟਪੰਚ ਉਪਾਸਨਾ ਪ੍ਰਕਾਰਃ ਸਮਾਪਤਃ ॥ ੧੬ ॥

ੴ ਪਰਬ੍ਰਹਮਣੇਨਮਃ

ਅਥਵਾਹਗੁਰੂਮੰਤ੍ਰੇ ਮਹਾਂਬਿਆਹ੍ਰਿਤੀ ਪ੍ਰਕਾਰਵਿਚਾਰਃ ਮਾਲੂਮਹੋਵੇ ਜੋਕਿ ਵਾਹਗੁਰੂਮੰਤ੍ਰਕਾਅਰਥ ਬਹੁਤਸੂਖਮ ਦ੍ਰਿਸਟੀ ਕਰਕੇ ਵਿਚਾਰਕਰਣੇਕੇਯੋਗਹੈ ਕਿਉਕਿ ਪੁਰੁਖੋਂਕੀ

ਬ੍ਰਿਤੀਅਸਥੂਲ ਪਦਾਰਥਾਂਕੇਵੀਚ ਅਨਾਦੀ ਅਧਿਆਸਮੇਂ
ਲਗੀਹੂਈਹੈ ਸੋਈ ਵਿਚਾਰ ਦਿਖਲਾਤੇਹੈਂ ਜੈਸੇ ਕਿਸੀ
ਪੁਰੁਖਨੇਂ ਵਿਸਨਕਹਾਹੈ ਤਵਦੂਸਰਾ ਪੁਰੁਖਸੁਣਕਰਕੇ
ਉਤ੍ਰਦੇਤਾਹੈ ਹਾਂਜੀ ਲਛਮੀਦਾਪਤੀ ਗਰੁੜਕਾ ਅਸਵਾਰ
ਚਾਰਬਾਂਹਾਂਵਾਲਾ ਵਿਸਨ ਖੀਰ ਸਮੁੰਦ੍ਰਵੀਚਬੈਠਾਹੈ
ਬ੍ਰਹਮਾਕਾਭੀ ਐਸਾਹੀ ਉਤ੍ਰਦੇਤਾਹੈ ਚਾਰਮੁਖਵਾਲਾ ਹੰਸਕੇ
ਉਪਰਚੜਿਆ ਬ੍ਰਹਮਲੋਕਮੇਂਬੈਠਾਹੈ ਐਸੇਹੀਸ਼ਿਵਕਹਿਣੇਸੇਂ
ਭੀ ਉਤ੍ਰ ਪੁਰੁਖਦੇਤਾਹੈ ਬੈਲਕੇ ਉਪਰਚੜ੍ਹਾਹੂਆਪਾਰਵਤੀਕਾ
ਪਤੀਸਿਵਕੈਲਾਸਪਰਵਤਮੇਂਰਹਿਤਾਹੈਐਸੇਹੀਰਾਮਕ੍ਰਿਸਨਕੇ
ਪ੍ਰਸ਼ਨਮੇਂਭੀ ਸੁਣਕੇਪੁਰੁਖਉਤ੍ਰਦੇਤਹੈਂ ਸੋਦੋਨੋਂਰਾਮਕ੍ਰਿਸ਼ਨਜੀ
ਮਥੁਰਾਕੇ ਆਯੁਧਿਆਕੇ ਵੀਚਮੇਂ ਰਹਿਤੇਹੈ ਸੋਇਸਿਰੀਤੀਸੇਂ
ਵਾਹਗੁਰੂਕੇ ਅਰਥਕੇ ਵੀਚ ਕੋਈ ਪੁਰੁਖਭੀ ਵਿਚਾਰਕੇਨਹੀ
ਕਰਤਾਹੈ ਵਾਹਗੁਰੂ ਇਸਿਮੰਤ੍ਰਕਾ ਕਿਆਅਰਥਹੈ ਕਹਾਂਵੋਹ
ਅਰਥ ਰਹਿਤਾਹੈ ਕਿਸਿਕੇਉਪਰ ਮੰਤ੍ਰਕਾਅਰਥਅਸਵਾਰਹੈ
ਇਸਿਵਿਚਾਰਕੇ ਬਹੁਤਸੂਖਮਹੋਣੇਸੇ ਪੁਰੁਖੋਂਕੀਬੁਧੀ ਨਹੀ
ਲਗਤੀਹੈ ਸੋਵਾਹਗੁਰੂ ਮੰਤ੍ਰਕੇ ਅਰਥਕਾ ਵਿਚਾਰ
ਪੂਰਵਗ੍ਰੰਥਮੇਂ ਨਿਰੂਪਣ ਕਰਦੀਆਹੈ ਈਹਾਂਔਰਭੀ
ਵਿਚਾਰਕਰਤੇਹੈਂ ਪੂਰਣ ਰੀਤੀਪ੍ਰਦਰਸਨ ਪ੍ਰਕਾਰਕਰਕੇ
ਇਕਤਾਲੀਅਖਰਾਂ ਵਾਲੇ ਬਾਰਾਂਮੰਤ੍ਰੋਂਕੇ ਅਸਥਾਨਮੇਂ ਚਾਰ
ਅਖਰਕਾ ਵਾਹਗੁਰੂ ਯਿਹਮੰਤ੍ਰਹੈ ਇਸਿਮੰਤ੍ਰਕੇ ਅਰਥਵਿਚਾਰ
ਮੇਂ ਬਾਰਾਂਪ੍ਰਕਾਰਸੇਂਹੀ । ਮਹਾਂਬਿਆਹ੍ਰਿਤੀਹੈ । ਮਹਾਂਬਿਆ-

ਹ੍ਰਿਤੀ ਉਸਕੋ ਕਹਿਤੇਹੈ । ਜੋਸਰਵਪ੍ਰਾਣੀਮਾਤ੍ਰਕੇਪ੍ਰਤੀ ਮਹਾਨ ਬਿਆਪਕ ਅਰਥਹੋਵੇ । ਸੋਈਕਹਿਤੇਹੈ । ਅਲਪਗ ਜੀਵੋਂਕੀ ਦ੍ਰਿਸਟੀਕੇ ਭੇਦਕੀ ਬਨਾਵਟ ਨਾਮਰੂਪਆਸਰੇ ਯਿਹਿਤੀਨੋਂ ਬਿਨਾਸੀਥੇ ਬਿਨਾਸੀਹੈ ਬਿਨਾਸੀਹੋਮੇਂਗੇ ਪਰਮੇਸ੍ਵਰਕੇ ਸਰੂਪ ਵੀਚ ॥ ੧ ॥ ਜੋਪੂਰਵਮੇਂ ਵਿਰਾਟਕੇ ਕ੍ਰਿਆਕੇਭੇਦ ਕਰਕੇ ਚਾਰਸਰੂਪਨਿਰੂਪਣਕਰੇਹੈ । ਸੋਜੁਦੇਜੁਦੇਹੈ । ਉਨਚਾਰੋਂਕੇ ਚਾਰਬਿਆਹ੍ਰਿਤੀ ਕਹਾਜਾਤਾਹੈ ॥ ੪ ॥ ਕੇਵਲਵਿਰਾਟਰੂਪ ਜੋਏਕਹੈ ਯਿਹਛੇਮੀ ਬਿਆਹ੍ਰਿਤੀਹੈ ॥ ੬ ॥ ਸੁਧਰੂਪ ਨਿਰਗਤ ਪ੍ਰਪੰਚਮੇਂਬਿਨਾ ਬ੍ਰਹਮਕਾਸਰੂਪ ਸਾਤਮੀਬਿਆਹ੍ਰਿਤੀ ਕਹਿਤੇਹੈ ॥ ੭ ॥ ਸਰਵਕਾ ਉਪਾਦਾਨਕਾਰਣ ਮਾਇਆ ਸਕਤੀ ਮਹਾਂਬਿਆਹ੍ਰਿਤੀ ਤੀਨਗੁਣਸਰੂਪਹੈ ॥ ੮ ॥ ਪਰਮਾਤਮਾਂਕੀ ਮ੍ਰਯਾਦਕਾ ਕਿਸੀਨੇ ਅੰਤਨਹੀ ਪਾਇਆ ॥ ੯ ॥ ਮਾਇਆ ਚੇਤਨਮੇਂਵਿਨਾ ਪਾਂਚਤਤਕੇਸਾਥ ਛੇਮੀ ਬਸਤੂਕੋਈ ਨਹੀਹੈ ॥ ੧੦ ॥ ਪਾਂਚਤਤਿਕਿਸਿ ਪ੍ਰਕਾਰਮੇਂ ਬਨਾਏਹੈਂ ਕੈਸੇ ਧਾਰਣ ਕਰੇਹੈ ਕਿਸਿਜੁਗਕੋ ਦੇਕਰਕੇ ਅੰਨਿਫਲੋਂਕੀ ਕਿਸਮੇਂ ਬਨਾਈਹੈ । ਪਰਮੇਸੁਰਨੇ ਇਸਵਿਚਾਰਕੋ ਵੇਦੋਂ ਸਾਸਤ੍ਰੋਂਕੇ ਬਨਾਨੇਂ ਵਾਲਾ ਕੋਈਭੀ ਨਹੀ ਜਾਣਤਾਹੈ ਯਿਹ । ਵਾਹਗੁਰੂ । ਇਸਿ ਮੰਤ੍ਰਕਾ ਅਰਥ ਮਹਾਂਬਿਆਹ੍ਰਿਤੀ ਗਿਆਰਾਂਕੀਹੈ ॥ ੧੧ ॥ ਪ੍ਰਾਣਹੋਤੇਹੈਤਬ ਸਰੀਰਬਨਾ ਰਹਿਤਾਹੈ ਪ੍ਰਾਣਨਿਕਸਜਾਤੇਹੈਜਬ ਤਬਸਰੀਰ ਨਹੀਰਹਿਤਾ ਹੈ ॥ ਪ੍ਰਾਣੋਂਕਾਨਿਕਸਜਾਣਾ ਜਾਂਬਨੇ ਰਹਿਣਾ ਪ੍ਰਾਣੋਂਕੇਆਧ

ਅੰਤਕਾਵਿਚਾਰ ਯਿਹ ਸਭੀ ਈਸ੍ਵਰਕੀਕੁਦਰਤਿਮੇਂਹੈ ॥
ਨੈ ਈਪੁਰੂਖ ਕਤਾਵੇਂ ਕਰਕੇ ਨਹੀ ਜਾਣਤਾਹੈ ॥ ੧੨ ॥
ਯਿਹਬਾਰਾਂ ਮਹਾਂਬਿਆਹ੍ਰਿਤੀ ॥ ਵਾਹਗੁਰੂ ਇਸਿਮੰਤ੍ਰਕਾ
ਯਥਾਰਥਅਰਥਹੈ। ਇਸਿਮੰਤ੍ਰਕੀ ਕਿਸੀਅਰਥਮੇਂ ਸਮੁਦਾ
ਇਕਰਿਕੇਰੂੜੀਵ੍ਰਿਤੀਹੈ ਕਿਸੀਅਰਥਕੋ ਵਾਹਗੁਰੂ ਯਿਹਪਦ
ਯੋਗਰੂੜ੍ਹਵ੍ਰਿਤੀਮੇਂ ਕਥਨਕਰਤਾਹੈ। ਕਿਸੀਅਰਥਕਾ ਯਿਹਪਦ
ਕੇਵਲਯੋਗਵ੍ਰਿਤੀਮੈਂ ਵਾਚਕਹੈ ॥ ਔਰਬਹੁਤਸੇ ਅਰਥ
ਵਾਹਗੁਰੂਮੰਤਕੇ ਅਵੈਵਰੂਪਜੁਦੇਜੁਦੇ ਅਖਰੋਂਕਰਕੇਹੋਤੇਹੈਂ ॥
ਕੋਈਅਰਥ ਵਾਹਗੁਰੂ ਇਸਿਮੰਤ੍ਰਕੇ ਧਾਤੂਪ੍ਰਤਿਓਂਕਰਕੇਹੋਤੇ
ਹੈ। ਯਿਹਵਾਹਗੁਰੂਮੰਤ੍ਰ ਅਰਥੋਂਕਾ ਖਜਾਂਨਾਂਹੈ ਜੈਸਾ
ਅਰਥ ਕਿਸੀਕੋ ਚਾਹਤਾਹੋਵੇ। ਵੈਸਾਹੀ ਅਰਥ ਇਸਮੰਤ੍ਰਮੇ
ਸਮੀਚੀਨਅੰਤਸਕਰਣਕਰਕੇ ਪ੍ਰਸਿਧਿਹੋਤਾਹੈ । ਸੋਯਿਹ
ਉਕਤਪ੍ਰਕਾਰਸੇਂ ਬਾਰਾਬਿਆਹ੍ਰਿਤੀ ਵਾਹਗੁਰੂਮੰਤ੍ਰਕਾਅਰਥਹੈ
ਇਸਿਪਖਮੇਂਭੀ ਪੂਰਵਕੇਪਖਕੀ ਰੀਤੀ ਜੈਸਾਹੀਮੰਤ੍ਰਮੇਂ
ਪਦੋਂਕਾ ਅਰਥੋਂਕਾ ਵਿਚਾਰਹੈ ॥ ਮੰਤ੍ਰਮੇਂਔਰਭੀਯਿਹਵਿਚਾਰਹੈ
ਜੈਸੇਕਿਕੁਦਰਤਿਸੇਂ ਜਮੀਨਕੇ ਨੀਚੇਮੀਠਾਜਲਹੈ ਜਮੀਨਕੋ
ਖੁਦਣੇਵਾਲਾਮੀਠੇਜਲਕੋਬਣਾਤਾਨਹੀਹੈ ਮੀਠੇਜਲਕੋਬਤਾਤਾ
ਹੈਐਸੇਹੀਵਾਹਗੁਰੂ ਇਸਮੰਤ੍ਰਮੇਂ ਅਨੰਤਪ੍ਰਕਾਰੋਂਸੇ ਜੋਅਰਥਹੈ
ਉਨਿਅਰਥੋਂਕੋ ਹਮਬਨਾਤੇਨਹੀਹੈ ਅਰਥੋਂਕੋ ਨਿਰੂਪਣ ਕਰਕੇ
ਦਿਖਲਾਤੇਹੈ ਦੂਸਰਾਦ੍ਰਿਸ਼ਟਾਂਤ ਕੁਦਰਤਿਸੇਹੋਨੇਵਾਲੇ ਗ੍ਰਹਣ
ਕਾਸੰਬੰਧਜੋਤਸੀਖੈਚਕੇਨਹੀਬਨਾਤਾਹੈਗ੍ਰਹਣਬਨੇਹੂਏਕੇਸੰਬੰਧ

ਕੋ ਬਤਾਤਾ ਹੈ ਐਸੇ ਹੀ ਵਾਹਗੁਰੂ ਮੇਂ ਜੋ ਅਰਥ ਹੈ ਹਮ ਉਨ ਅਰਥੋ ਕੋ ਬਨਾਤੇ ਨਹੀ ਹੈ ਮੰਤ੍ਰ ਕੇ ਜੋ ਸਿਧਿ ਅਰਥ ਹੈ ਉਨਿ ਕੋ ਨਿਰੂਪਣ ਕਰਤੇ ਹੈ ਇਸਿ ਪ੍ਰਕਾਰ ਮੇ ਵਾਹਗੁਰੂ ਮੰਤ੍ਰ ਕੇ ਪਦ ਅਰਥ ਗਿਆਨ ਮੇ ਵਿਚਾਰ ਹੈ ਬੁਧੀਮਾਨ ਮਹਾਤਮਾ ਵਿਚਾਰਸੀਲ ਕ੍ਰਿਪਾ ਕਰਕੇ ਸਮੀਚੀਨ ਰੀਤੀ ਸੇ ਅਵਲੋਕਨ ਕਰੇਗੇ ॥ ਇਤੀ ਸ੍ਰੀ ਵਾਹਗੁਰੂ ਮੰਤ੍ਰ ਦੁਆਦਸ ਮਹਾ ਬਿਆਹ੍ਰਿਤੀ ਵਿਚਾਰਃ ਸਮਾਪਤਃ ॥ ੧੨॥

ੴ ਪਰ ਬ੍ਰਹਮਣੇ ਨਮਃ ॥

ਇਸ ਉਤ੍ਰ ਗ੍ਰੰਥ ਕੇ ਵੀਚ ਮੇ ਮੀਮਾਂਸਾ ਕੇ ਵਿਚਾਰ ਸੇ ਜੋ ਚਾਰ ਪ੍ਰਕਾਰ ਕੀ ਮੁਕਤ ਹੈ ਸੋ ਵਾਹਗੁਰੂ ਮੰਤ੍ਰ ਕਾ ਅਰਥ ਕਿਸਿ ਪ੍ਰਕਾਰ ਸੇ ਹੈ ਯਿਹ ਵਿਚਾਰ ਪ੍ਰਦਰਸਨ ਕਰਤੇ ਹੈ ਮਾਲੂਮ ਹੋਵੇ ਜੋ ਕਿ ਜਬ ਗੁਰੂ ਸਿਖ ਦੋਨੋ ਹੀ ਅਗਿਆਨੀ ਹੈਂ ਤਬ ਉਨ ਦੋਨੋ ਵਿਚਾਰ ਕੀਆ ਹੈ ਜਪ ਦਾਨ ਤੀਰਥ ਕੇ ਕਰਣੇ ਸੇ ਹਮਾਰੀ ਮੁਕਤ ਹੋਵੇਗੀ ਪ੍ਰਾਣ ਕੇ ਨਿਕਸ ਜਾਣੇ ਸੇ ਪੀਛੇ ਸ੍ਵਰਗ ਕੀ ਪ੍ਰਾਪਤੀ ਸਰੂਪ ਸੇ ਸ੍ਵਰਗ ਵੈਕੁੰਠ ਔਰ ਜਗ ਮੇ ਅਸਥਾਨ ਕੋਈ ਪ੍ਰਸਿਧਿ ਹੋਵੇਗਾ ਯਿਹ ਦੋਨੋਂ ਕਾ ਅਭੀਪ੍ਰਾਇ ਹੈ ਸੋ ਇਸਿ ਵਿਚਾਰ ਤਾ ਮੀਮਾਂਸਾ ਮੇਂ ਪ੍ਰਥਮ ਸੂਤ੍ਰ ਲਿਖਿਤੇ ਹੈ ਅਥਾਤ ਧਰਮ ਜਿਗਿਆਸਾ ਸ੍ਵਰਗ ਕਾਮੋ ਅਗਨੀ ਖੋਮੀ ਅੰਪਸ਼ੁਆਲਭੇਤ ਇਸਿ ਸੂਤ੍ਰ ਸ੍ਰੁਤੀ ਦੋਨੋਂ ਕਾ ਅਰਥ ਕਰਤੇ ਹੈ ਸੰਸਕ੍ਰਿਤ ਮੇਂ ਇਸਿ ਮੀਮਾਂਸਾ ਸੂਤ੍ਰ ਕੇ ਆਠ ਅਖਰ ਹੈ ਸੋ ਦੋਨੋਂ ਕਾ ਮਿਲਾ ਹੂਆ ਅਰਥ ਹੈ ਤਥਾਹੀ ਸ੍ਵਰਗ ਕੀ ਕਾਮਨਾ ਵਾਲਾ ਪੁਰਖ ਜੋ ਹੈ ਧਰਮ ਰੂਪ ਜਗ ਮੇਂ ਅਗਨੀ ਸੇਂ ਪਸੂ ਸੰਵੰਧੀ

ਹੋਮਕੋਕਰੇ ਸੋਇਸਿ ਪ੍ਰਕਾਰਸੇਂ ਦੋਨੋਂਕਾਅਰਥਹੈ ਮਾਲੂਮਹੋਵੇ ਜੋ ਯਿਹਵਿਚਾਰਕਾ ਪ੍ਰਕਾਰਹੈ ਸੋ ਐਸੇਅਰਥਕੀ ਔਰ ਐਸੀ ਮੁਕਤਕੀ ਹੁਕੂਮਤਕੇਵੀਚ ਕੋਈ ਜਰੂਰਿਤਨਹੀਹੈ ਤਥਾਪੀ ਪ੍ਰਸਨਵਾਲੇਕਾ ਕਥਨਹੈ ਵਾਹਗੁਰੂਮੰਤ੍ਰਕੇ ਅਰਥਸੇਂ ਸ੍ਵਰਗ ਮੁਕਤਕਾ ਨਿਰੂਪਣਕਰਣਾ ਚਾਹੀਏ ਇਸਿਲੀਏ ਮੰਤ੍ਰਕੇ ਅਰਥਕਾ ਵਿਚਾਰਕਰਤੇਹੈ ਜੋਪੂਰਵ ਗ੍ਰੰਥਕੇਵੀਚ ਵਸਹਿੰਵ੍ਰ ਦੇਧਾਤੂਕਾ ਵਾਹ ਯਿਹਪਦ ਬਨਾਇਆਹੈ ਸੋਇਸਿਪਦਕੇ ਜੋਵਿਰਾਟਰੂਪਸੇਂਪਾਂਚ ਅਰਥਨਿਰੂਪਣਕਰੇਹੈ ਉਨਿਪਾਂਚੋਂ ਅਰਥੋਂਕੋ ਮੰਦਿ ਅਧਕਾਰੀਕੇ ਵਾਸਤੇ ਪਰੀਛਿਨਿ ਪ੍ਰੇਖਰੂਪ ਕਰਮ ਅੰਗੀਕਾਰਕਰਣਾ ਸੋਵੋਹਪੂਰਵਰੀਤੀਸੇਂ ਵਾਹਗੁਰੂ ਮੰਤ੍ਰਕੇ ਵਾਹਪਦਕਾ ਅਰਥ ਵਾਸਤਵਕਸੇਂ ਬਿਆਪਕਹੈ ਅਗਿਆਨੀਕੋ ਵੋਹੀਅਰਥ ਪਰੀਛਿਨਿ ਪ੍ਰੇਖਹੈ ਸੋਅਗਿਆਨੀ ਕੇ ਪ੍ਰਤੀ ਨਿਰੂਪਣਵਾਸਤੇ ਯਿਹਵਿਚਾਰਹੈ ਇਸਿਵਾਸਤੇ ਨਵੀਨ ਪ੍ਰਕਾਰਕੇ ਮੰਤ੍ਰਕੇਵਾਹ ਇਸਿਪਦਕੀ ਬਿਆਖਿਆਹੈ ਤਥਾਹੀ ਵਹ ਧਾਤੂਕਾਪ੍ਰਾਪਤੀ ਅਰਥਹੈ ਇਸਿਧਾਤੂਸੇਂਣਿਚ ਪ੍ਰਤੇਹੈਂ ਪ੍ਰਤੇਕਾ ਅਰਥ ਪ੍ਰੇਰਣਾਹੈ ਧਾਤੂਕੇ ਕ੍ਰਿਆ ਕਹਿਤੇਹੈਂ ਣਿਚਪ੍ਰਤੇ ਹੋਣੇਂਸੇਂ ਵਾਹੀ ਯਿਹਸਰੂਪ ਧਾਤੂਕਾਹੈ ਉਕਤਵਾਹ ਪਦਕੇ ਪਰੀਛਿਨਪ੍ਰੇਖ ਅਰਥ ਚਾਰੋਂਹੀ ਇਸਿਧਾਤੂਕਾ ਕਰਮਹੈ। ਮੰਦਅਧਕਾਰੀ ਜਿਗਿਆਸੂਕਰਤਾਹੈ। ਪਰੀਛਿਨ ਪ੍ਰੇਖਅਰਥੋਂਕੇ ਸਮਾਨਗਿਆਨਵਾਲਾਗੁਰੂ ਪ੍ਰੇਰਕਹੈ ਅਵਚਾਰੋ ਕਾ ਸਮੁਦਾਇਇਕਤ੍ਰ ਦਿਖਲਾਤੇਹੈਵਾਹੀਧਾਤੂਹੈ। ਵਾਹਕਰਮ

ਹੈ ਜਿਸਿਕ੍ਰਿਆਕਾਕਰਤਾਹੈ । ਗੁਰੂ ਜਿਸੋਂਕੀ ਪ੍ਰੇਰਣਾਂਕੋ ਕਰਣੇਵਾਲਾਹੈ ਇਸਿਰੀਤੀਸੇਂ ਕਰਮ ਕ੍ਰਿਆਕਰਤਾਪ੍ਰੇਰਕ ਇਨਿਚਾਰੋਂਕਾਸਮੂਦਾਇਯਿਹਹੈ । ਅਵਸਾਖਿਆਤ ਚਾਰੋਂਕੋ ਅੰਗੀਕਾਰ ਕਰਕੇ ਪਰਸਪਰਸੰਵੰਧਕੇਵਾਸਤੇ। ਬਿਤਪਤੀ ਕਰਤੇਹੈ। ਵਾਹਗੁਰੂਕੇ ਵਾਹ ਇਸਿਪਦਕੀ ਸਿਧੀਵਾਸਤੇ ਜਿਗਿਆਸੂ ਵਾਹਿੰ ਵਹੰਤੀ ਗੁਰੂਪ੍ਰੇਰੈਤੀ ਐਸੇ ਅਰਥਕੀ ਜਵਇਛਿਆ ਹੋਤੀਹੈ ਤੁਵਪ੍ਰੇਰਣਾਂਕੇ ਲੇਕਰਕੇ ਵਾਹੈਤੀ ਇਤੀ ਵਾਹਃ ਯਿਹ ਪਦ ਬਿਆਕਰਣ ਕਰਕੇ ਸਿਧਿਹੋਤਾਹੈ॥ ਔਰਸਵਦਹੈ ਅਰਥ ਜਿਸਿਕਾ ਐਸੀਗ੍ਰਿਜੇ ਯਿਹਧਾਤੂਹੈ ਇਸਕਾ ਗੁਰੂਪਦ ਬਨਤਾਹੈ ਇਸਿਗੁਰੂਪਦਕਾ ਅਰਥਹੈ ਸ੍ਵਰਗਕੇ ਸਕਾਮੀ ਅਧਿਕਾਰੀਓਂਕੋ ਉਪਦੇਸਕਰਣੇ ਵਾਲਾ ਸਕਾਮੀ ਪੁਰੁਖ ਇਸਿਰੀਤੀਸੇਂ ਗੁਰੂਪਦਕੀ ਸਿਧੀਹੈ ਅਵਇਨ ਦੋਨੋਂਪਦੋਂਕਾ ਉਪਪਦਸਮਾਸ ਜਾਣਲੈਣਾ ਸੋਇਸ ਪ੍ਰਕਾਰਕਰਕੇ। ਵਾਹਃ ਗੁਰੂ ਇਨਿਦੋ ਸਵਦੋਂਕਾ। ਪਦਪਦਾ- ਰਥਗਿਆਨਕੇ ਵਿਚਾਰਸੇਂ ਵਾਹਗੁਰੂ ਯਿਹਮੰਤ੍ਰ ਪ੍ਰਸਿਧਿਹੈ। ਇਨਸਭੀਕਾ ਨਿਰੂਪਣ ਸਪਸ਼ਟ ਕਰਦੀਆਹੈ। ਜੋਮੀਂਮਾਂਸਾ ਕੇ। ਉਕਤਕਥਨ ਕਰੇਹੂਏ ਸੂਤ੍ਰਕਾਅਰਥਹੈ ਵੋਹੀਇਸ ਮੰਤ੍ਰਕਾ । ਪਦਪਦਾਰਥ ਗਿਆਨ ਯਥਾਰਥ ਪ੍ਰਸਿਧਿਹੈ ਜੈਸੇਕਿ ਅਕਾਰ ਉਕਾਰ ਮਕਾਰ ਈਕਾਰ ਇਨ ਚਾਰੋਹੀਂ ਪਦੋਂਕੇ । ਵਿਸਨੂ ਬ੍ਰਹਮਾ ਸ਼ਿਵ ਲਛਮੀ। ਯਿਹ ਚਾਰ ਅਰਥਹੈਂ । ਐਸੇਹੀ ਵਾਹਗੁਰੂ ਇਸਿਮੰਤ੍ਰਕਾਭੀ ਅਰਥ

ਉਕਤ ਇਸਿਪ੍ਰਕਾਰਸੇਂ ਨਿਰੂਪਣ ਕੀਆਹੈ ਇਸਿਵਾਹਗੁਰੂ ਮੰਤ੍ਰਕੇ ਉਕਤ ਇਸਿ ਵਿਚਾਰਵੀਚ ਇਸਪਖਮੇਂ ਪਦਅਰਥ ਗਿਆਨ ਧਿਹਿਤੀਨੇ। ਤੀਸਪ੍ਰਕਾਰਸੇਂਹੈ॥

ਇਤੀਸ੍ਰੀਵਾਹਗੁਰੂ ਮੰਤ੍ਰ ਵਿਚਾਰੇ ਮੀਮਾਂਸਿਕਮਤ ਧਰਮਜਿਗਿਆਸਾ ਵਿਚਾਰ ਸਮਾਪਤਃ॥ ੧੮॥

ੴ ਪਰਬ੍ਰਹਮਣੇਨਮਃ॥

ਇਸਪਖਮੇਂ ਨਵੀਨ ਪ੍ਰਕਾਰਸੇਂ ਵਾਹਗੁਰੂ ਮੰਤ੍ਰਕੇ ਪਦਪਦਾਰਥਗਿਆਨਕੀ ਬਿਵਸਥਾਕੋ ਕਰਮ ਉਪਾਸਨਾ ਭੇਦਕੋ ਉਦੇਸ਼ਕਰਕੇ ਨਿਰੂਪਣ ਕਰਤੇਹੈਂ। ਤਥਾਹੀ। ਪ੍ਰਥਮ ਵਾਹਗੁਰੂਮੰਤ੍ਰਕੇ ਪਦੋਂਕਾਕਰਮਸੇ ਨਿਰੂਪਣਕਰਤੇਹੈ ਅਰਥੋਂਕੇ ਪ੍ਰਦਰਸਨਲੀਏ ਸੋਕ੍ਰਮਯਿਹਹੈ ਉ,ਊ,ਅ,ਆ,ਹ, ਵਾਹਃ ਗੁਰੂ, ਵਾਹਗੁਰੂ। ਊ ਵ ਵਾ ਇਸਿ ਉਕਤ ਪ੍ਰਕਾਰਕੇ ਪ੍ਰਦਰਸਨਸੇਂ। ਦਸਪਦੋਂਕਾ। ਪਰਸਪਰ ਕ੍ਰਮਸੇਂ ਸੰਵੰਧ ਹੋਕਰਕੇ ਪੀਛੇਸੇਂ ਪਦੋਂਕੇ ਸਮਦਾਇ। ਵਾਹਗੁਰੂ ਇਸਿਪਦਕੀ ਪ੍ਰਸਿਧੀਹੋਤੀਹੈ। ਸੋਕ੍ਰਮਸੇ। ਉਕਾਰ ਊਕਾਰ ਅਕਾਰ। ਇਨਿਤੀਨੋਂ ਪਦੋਕਾਅਰਥ। ਉਕਤਵਿਰਾਟਕੇ ਤੀਨਰੂਪ। ਬ੍ਰਹਮਾਂਸਿਵਵਿਸਨਹੈ ਪਦੋਂਕੀ। ਯਥਾਯੋਗ ਸੰਖਿਆਕੋ ਗ੍ਰਹਣ ਕਰਕੇ। ਆਙ,। ਇਸਿਉਪਸਰਗਕਾ ਅਰਥ। ਸਮੁਹ ਕਹਾਜਾਤਾਹੈ। ਇਨਿਪਦੋਂਕੇ ਸਮੁਦਾਇਕੇਵੀਚਮੇਂ ਜੋਹਕਾਰ ਰੂਪਪਦਹੈ। ਇਸਿਕਾਅਰਥ ਉਕਤਰੀਤੀਸੇਂ ਸਗੁਣ ਬ੍ਰਹਮ

ਵਿਰਾਟਕੋ ਪ੍ਰਾਪਤਹੋਨੇ ਵਾਲਾਹੈ। ਇਸਿਪਖਮੇਂ ਵਿਰਾਟ ਗੁਰੂ
ਯਿਹਦੋਨੋਂ ਮੰਤ੍ਰਕੇ ਗੁਰੂਪਦਕਾ ਅਰਥਹੈਂ ਸੋਇਸਿਰੀਤੀਸੇਂ
ਵਾਹਗੁਰੂ ਇਸਿਸਮੁਦਾਇਰੂਪਪਦਕੇ ਅੰਦਰਦਸਅਵੈਵਰੂਪ
ਪਦਹੈ। ਦਸਹੀ ਅਰਥ ਹੈਂ।ਨਿਆਇਕੀਰੀਤੀਸੇਂ।ਵਾਹਗੁਰੂ।
ਇਸਿਸਮੁਦਾਇਕੇ ਅੰਦਰ। ਬੀਸਪਦ ਬੀਸਅਰਥਹੈਂ।ਇਸਿ
ਸੂਖਮ ਵਿਚਾਰਕੇ ਮਹਾਨਵਿਚਾਰਵਾਲੇ ਸਪਸਟਕਰਲੇਮੇਂਗੇ।
ਔਰ ਵਾਹਗੁਰੂਇਸਿਮੰਤ੍ਰਕੇ ਪਦੋਂ ਅਰਥੋਂਮੇਂ ਔਰਭੀ ਵਿਚਾਹੈ
ਪੂਰਵ ਪੂਰਵ ਪਦਕਾ ਅਰਥ ਉਤ੍ਰਉਤ੍ਰਪਦਕੇ ਅਰਥਮੇਂ
ਪ੍ਰਕਾਰਹੈ। ਇਸਿਪ੍ਰਕਾਰਸੇਂ ਮੰਤ੍ਰਕੇ ਵੀਚ ਜੋ ਸ੍ਰੀਗੁਰੂਮਹਾਰਾਜ
ਜੀਨੇਂ। ਧਾਤੂਪ੍ਰਤਿਪਦ ਅਰਥਗਿਆਨ ਇਨਿਪਾਂਚੋਂਕੋ ਗੁਪਤ
ਕਰਕੇ ਰਖਾਹੈ ਸਾਸਤ੍ਰੋਂਕਾ ਵਿਚਾਰ ਕਰਣੇਵਾਲੇਭੀ ਯਥਾਰਥ
ਨਿਰੂਪਣਨਹੀ ਕਰਸਕਤੇ ਕਿਉਂਕਿ ਵੇਦਕੇ ਔਰਨਿਆਇਕੇ
ਵਿਚਾਰਮੇਂਭੀ ਅਤੀ ਕਠਨ ਵਾਹਗੁਰੂਇਸਿਮੰਤ੍ਰਕਾਵਿਚਾਰਹੈ।
ਅਵਮਾਲੂਮ ਕਰਾਇਆ ਜਾਤਾਹੈ ਵਾਹਗੁਰੂਇਸਿਪਦਕੇ
